## 26 ਮਾਰਚ

# 2006

## ਤੁਹਾਡੇ ਕਾਰੋਬਾਰ ਜਾਂ ਸੰਗਠਨ ਨੂੰ ਤਮਾਕੂਨੋਸ਼ੀ ਬਾਰੇ ਨਵੇਂ ਕਾਨੂੰਨ ਲਈ ਤਿਆਰ ਕਰਨ ਵਿਚ ਸਹਾਇਤਾ ਦੇਣਾ।

ਰੋਜ਼ਗਾਰ ਪ੍ਰਦਾਤਿਆਂ, ਮੈਨੇਜਰਾਂ ਅਤੇ ਉਨ੍ਹਾਂ ਵਿਅਕਤੀਆਂ, ਜਿਨ੍ਹਾਂ ਦੇ ਹੱਥ ਵਿਚ ਸਥਾਨ ਦਾ ਕੰਟਰੋਲ ਹੈ, ਲਈ ਇਕ ਗਾਈਡ।

# ਤਮਾਕੂਨੋਸ਼ੀ ਬਾਰੇ ਨਵੇਂ ਕਾਨੂੰਨ ਦੇ ਅਹਿਮ ਤੱਥ

- ਤਮਾਕੂਨੋਸ਼ੀ, ਸਿਹਤ ਅਤੇ ਸੋਸ਼ਲ ਦੇਖਭਾਲ (ਸਕਾਟਲੈਂਡ) ਐਕਟ 2005 [The Smoking, Health and Social Care (Scotland) Act 2005] ਅਤੇ ਕੁਝ ਸਥਾਨਾਂ (ਸਕਾਟਲੈਂਡ) ’ਤੇ ਤਮਾਕੂਨੋਸ਼ੀ ਦੀ ਮਨਾਹੀ ਬਾਰੇ ਨਿਯਮ 2006 [Prohibition of Smoking in Certain Premises (Scotland) Regulations 2006], 26 ਮਾਰਚ 2006 ਨੂੰ ਸਵੇਰੇ 6 ਵਜੇ ਤੋਂ ਲਾਗੂ ਹੋ ਜਾਣਗੇ। ਨਵੇਂ ਕਾਨੂੰਨ ਦਾ ਮਕਸਦ ਜਾਨਾਂ ਬਚਾਉਣਾ ਅਤੇ ਕਿਸੇ ਵਲੋਂ ਤਮਾਕੂਨੋਸ਼ੀ ਕੀਤੇ ਜਾਣ ’ਤੇ ਪੈਦਾ ਹੋਣ ਵਾਲੇ ਧੂਏਂ ਦੇ ਕਿਸੇ ਹੋਰ ਵਿਅਕਤੀ ਦੇ ਸਾਹ ਨਾਲ ਅੰਦਰ ਜਾਣ (ਪੈਸਿਵ ਸਮੋਕਿੰਗ)[1] ਕਾਰਨ ਪੈਦਾ ਹੁੰਦੀਆਂ ਬੀਮਾਰੀਆਂ ਨੂੰ ਰੋਕਣਾ ਹੈ।

- 26 ਮਾਰਚ 2006 ਨੂੰ ਸਵੇਰੇ 6 ਵਜੇ ਤੋਂ ਤੁਹਾਨੂੰ, ਤੁਹਾਡੇ ਸਟਾਫ਼ ਨੂੰ, ਕਸਟਮਰਾਂ ਅਤੇ ਮਿਲਣ ਆਉਣ ਵਾਲਿਆਂ ਨੂੰ ਤੁਹਾਡੇ ਕਾਰੋਬਾਰ ਜਾਂ ਸੰਗਠਨ ਦੇ ਸਥਾਨ ’ਤੇ, ਜੋ ਉਹ ਪੂਰੀ ਤਰ੍ਹਾਂ ਜਾਂ ਕਾਫ਼ੀ ਹੱਦ ਤਕ ਬੰਦ ਹੋਣ ਤਮਾਕੂਨੋਸ਼ੀ ਦੀ ਆਗਿਆ ਨਹੀਂ ਹੋਵੇਗੀ[2]। ਇਸ ਵਿਚ ਉਹ ਕਮਰੇ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਪਹਿਲਾਂ ‘ਸਮੋਕਿੰਗ ਰੂਮ’ (smoking rooms) ਕਿਹਾ ਜਾਂਦਾ ਰਿਹਾ ਹੈ।

- ਬਹੁਤ ਥੋੜ੍ਹੇ ਸਥਾਨਾਂ ਨੂੰ ਤਮਾਕੂਨੋਸ਼ੀ ਦੀ ਮਨਾਹੀ ਤੋਂ ਛੋਟ ਦਿੱਤੀ ਗਈ ਹੈ। ਨਵੇਂ ਕਾਨੂੰਨ ਦਾ ਅਸਰ ਬਹੁਤੇ ਸਰਬਜਨਕ ਸਥਾਨਾਂ ’ਤੇ ਪਵੇਗਾ। ਇਨ੍ਹਾਂ ਵਿਚ ਕਾਰਜ ਸਥਾਨ ਅਤੇ ਕਾਰਜ ਵਾਹਣ ਵੀ ਸ਼ਾਮਲ ਹਨ।

- ਕਾਨੂੰਨ ਦੀ ਪਾਲਣਾ ਵਿਚ ਉਕਾਈ ਕਰਨਾ ਇਕ ਮੁਜਰਮਾਨਾ ਅਪਰਾਧ ਹੋਵੇਗਾ। ਇਕੱਲੇ ਇਕੱਲੇ ਵਿਅਕਤੀਆਂ ਨੂੰ ਤਮਾਕੂਨੋਸ਼ੀ ਦੀ ਮਨਾਹੀ ਵਾਲੇ ਸਥਾਨਾਂ ’ਤੇ ਤਮਾਕੂਨੋਸ਼ੀ ਲਈ £50 ਦਾ ਨਿਸਚਤ ਜੁਰਮਾਨਾ ਹੋ ਸਕਦਾ ਹੈ। ਮੈਨੇਜਰ ਜਾਂ ਉਸ ਵਿਅਕਤੀ ਨੂੰ, ਜਿਸਦੇ ਹੱਥ ਵਿਚ ਤਮਾਕੂਨੋਸ਼ੀ ਦੀ ਮਨਾਹੀ ਵਾਲੇ ਸਥਾਨ ਦਾ ਕੰਟਰੋਲ ਹੈ, ਨੂੰ ਨਿਮਨਲਿਖਤ ਵਿਚੋਂ ਕਿਸੇ ਇਕ ਬਦਲੇ £200 ਦਾ ਨਿਸਚਤ ਜੁਰਮਾਨਾ ਹੋ ਸਕਦਾ ਹੈ :

  – ਤਮਾਕੂਨੋਸ਼ੀ ਦੀ ਮਨਾਹੀ ਵਾਲੇ ਸਥਾਨਾਂ ’ਤੇ ਤਮਾਕੂਨੋਸ਼ੀ ਕਰਨ ਦੇਣਾ

  – ਤਮਾਕੂਨੋਸ਼ੀ ਦੀ ਮਨਾਹੀ ਵਾਲੇ ਸਥਾਨਾਂ ’ਤੇ ਚੇਤਾਵਨੀ ਨੋਟਿਸ ਲਾਉਣ ਵਿਚ ਉਕਾਈ

  ਜੁਰਮਾਨਾ ਅਦਾ ਕਰਨ ਤੋਂ ਇਨਕਾਰ ਜਾਂ ਜੁਰਮਾਨਾ ਅਦਾ ਨਾ ਕਰਨ ਦੇ ਨਤੀਜੇ ਵਜੋਂ ਮੁਕੱਦਮਾ ਚਲਾਇਆ ਜਾ ਸਕਦਾ ਹੈ ਅਤੇ £2,500 ਤਕ ਜੁਰਮਾਨਾ ਕੀਤਾ ਜਾ ਸਕਦਾ ਹੈ[3]।

- ਤੁਹਾਡੇ ਕਾਰੋਬਾਰ ਜਾਂ ਸੰਗਠਨ ਲਈ ਇਹ ਯਕੀਨੀ ਬਣਾਉਣ ਲਈ ਕਦਮ ਚੁਕਣਾ ਜ਼ਰੂਰੀ ਹੋਵੇਗਾ ਕਿ ਕਰਮਚਾਰੀ, ਕਸਟਮਰ, ਮੈਂਬਰ ਅਤੇ ਮੁਲਾਕਾਤੀ ਨਵੇਂ ਕਾਨੂੰਨ ਦੀ ਪਾਲਣਾ ਕਰਨ।

- ਲੋਕਲ ਕੌਂਸਲ ਦੇ ਅਧਿਕਾਰਤ ਅਫ਼ਸਰ ਕਾਨੂੰਨ ਨੂੰ ਅਮਲ ਵਿਚ ਲਿਆਉਣਗੇ ਅਤੇ ਕਾਰੋਬਾਰ ਵਾਲਿਆਂ ਨੂੰ ਸਮਰਥਨ ਪ੍ਰਦਾਨ ਕਰਨਗੇ।

ਜੇ ਤੁਸੀਂ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ www.clearingtheairscotland.com ਤੇ ਜਾਉ ਜਾਂ ਸਕਾਟਿਸ਼ ਐਗਜ਼ੈਕਟਿਵ ਦੀ ਤਮਾਕੂ ਕੰਟਰੋਲ ਟੀਮ (Scottish Executive’s Tobacco Control Team) ਨਾਲ ਸੰਪਰਕ ਕਰੋ। ਸੰਪਰਕ ਵੇਰਵੇ ਪਿਛਲੇ ਕਵਰ ’ਤੇ ਦਿੱਤੇ ਗਏ ਹਨ। ਕਾਨੂੰਨ ਨੂੰ ਅਮਲ ਵਿਚ ਲਿਆਉਣ ਵਾਲੇ ਅਧਿਕਾਰਤ ਅਫ਼ਸਰਾਂ ਨਾਲ ਲੋਕਲ ਕੌਂਸਲ ਵਿਚ ਸੰਪਰਕ ਕੀਤਾ ਜਾ ਸਕਦਾ ਹੈ (ਇਸਦੇ ਵੇਰਵੇ ਤੁਹਾਡੀ ਸਥਾਨਕ ਟੈਲੀਫ਼ੋਨ ਡਾਇਰੈਕਟਰੀ ਵਿਚ ਹਨ)।

---

[1] ਪੈਸਿਵ ਸਮੋਕਿੰਗ ਤੋਂ ਭਾਵ ਹੈ ਕਿਸੇ ਵਲੋਂ ਤਮਾਕੂਨੋਸ਼ੀ ਕੀਤੇ ਜਾਣ ’ਤੇ ਪੈਦਾ ਹੋਣ ਵਾਲੇ ਧੂੰਏ ਦਾ ਕਿਸੇ ਹੋਰ ਵਿਅਕਤੀ ਦੇ ਸਾਹ ਨਾਲ ਅੰਦਰ ਜਾਣਾ। ਤਮਾਕੂਨੋਸ਼ੀ ਤੋਂ ਪੈਦਾ ਹੋਣ ਵਾਲੇ ਧੂੰਏ ਨੂੰ, ਕਿਸੇ ਇਕ ਵਲੋਂ ਛੱਡਿਆ ਗਿਆ ਧੂੰਆਂ ਦੂਜੇ ਦੇ ਅੰਦਰ ਜਾਣਾ (ਸੈਕੰਡ-ਹੈਂਡ ਸਮੋਕ) ਜਾਂ ਆਲੇ ਦੁਆਲੇ ਫੈਲੇ ਤਮਾਕੂ ਦੇ ਧੂੰਏਂ ਦਾ ਸਾਹ ਰਾਹੀਂ ਅੰਦਰ ਜਾਣਾ, ਐਨਵਾਇਰਮੈਂਟਲ ਟੋਬੈਕੋ ਸਮੋਕ (ETS) ਵੀ ਕਿਹਾ ਜਾਂਦਾ ਹੈ।

[2] ਇਕ ਸਰਬਜਨਕ ਸਥਾਨ, ਜਿਸ ਵਿਚ ਕਾਰਜ ਸਥਾਨ ਵੀ ਸ਼ਾਮਲ ਹੈ, ਜਿਸ ਉੱਪਰ ਛੱਤ ਹੋਵੇ ਅਤੇ ਉਸਦੇ ਘੇਰੇ ਦੇ 50% ਤੋਂ ਵਧ ਹਿੱਸੇ ਦੁਆਲੇ ਕੰਧਾਂ ਹੋਣ।

[3] ਨਿਸਚਤ ਜੁਰਮਾਨੇ ਦੇ ਨੋਟਿਸ ਦੀ ਥਾਂ, ਜਾਂ ਜਿੱਥੇ ਨਿਸਚਤ ਜੁਰਮਾਨੇ ਦਾ ਨੋਟਿਸ ਦਿੱਤਾ ਗਿਆ ਹੋਵੇ ਅਤੇ ਸੰਬੰਧਤ ਵਿਅਕਤੀ ਜੁਰਮਾਨਾ ਅਦਾ ਕਰਨ ਵਿਚ ਨਾਕਾਮ ਰਿਹਾ ਹੋਵੇ, ਉੱਥੇ ਮੁਕੱਦਮਾ ਚਲਾਇਆ ਜਾ ਸਕਦਾ ਹੈ।

# ਤਤਕਰਾ


| | |
|---|---|
| ਭੂਮਿਕਾ | 4 |
| ਅਸੀਂ ਨਵਾਂ ਕਾਨੂੰਨ ਕਿਉਂ ਲਾਗੂ ਕਰ ਰਹੇ ਹਾਂ | 4 |
| ਸਥਾਨ ਜਿੱਥੇ ਨਵਾਂ ਕਾਨੂੰਨ ਲਾਗੂ ਹੋਵੇਗਾ | 5 |
| ਸਥਾਨ ਜੋ ਇਨ੍ਹਾਂ ਵਿਚ ਸ਼ਾਮਲ ਨਹੀਂ ਹਨ | 5 |
| ਨਵੇਂ ਕਾਨੂੰਨ ਦੀ ਕਿਵੇਂ ਪਾਲਣਾ ਕੀਤੀ ਜਾਵੇ | 6 |
| ਸਥਾਨਾਂ ਲਈ ਤਮਾਕੂਨੋਸ਼ੀ ਨਾ ਕਰੋ ਦੇ ਸੰਕੇਤ | 6 |
| ਵਾਹਣਾਂ ਲਈ ਤਮਾਕੂਨੋਸ਼ੀ ਨਾ ਕਰੋ ਦੇ ਸੰਕੇਤ | 7 |
| ਉਹ ਥਾਵਾਂ ਜਿੱਥੇ ਸਟਾਫ਼ ਜਾਂ ਕਸਟਮਰ ਤਮਾਕੂਨੋਸ਼ੀ ਕਰ ਸਕਦੇ ਹਨ | 7 |
| ਜੇ ਕੋਈ ਤਮਾਕੂਨੋਸ਼ੀ ਦੀ ਮਨਾਹੀ ਨੂੰ ਨਜ਼ਰਅੰਦਾਜ਼ ਕਰ ਦੇਵੇ, ਤਾਂ ਕੀ ਕਰੋ | 8 |
| ਨਵਾਂ ਤਮਾਕੂਨੋਸ਼ੀ ਕਾਨੂੰਨ ਲਾਗੂ ਕਰਨਾ | 9 |
| ਤਮਾਕੂ ਦੇ ਧੂੰਏਂ ਤੋਂ ਮੁਕਤ ਸਥਾਨਾਂ ਬਾਰੇ ਪਾਲਿਸੀ | 9 |
| ਅੰਤਿਕਾ A | 11 |
| ਅੰਤਿਕਾ B | 13 |
| ਅੰਤਿਕਾ C | 14 |

# ਭੂਮਿਕਾ

26 ਮਾਰਚ 2006 ਨੂੰ ਸਕਾਟਲੈਂਡ ਵਿਚ ਤਮਾਕੂਨੋਸ਼ੀ ਬਾਰੇ ਕਾਨੂੰਨ ਬਦਲ ਜਾਏਗਾ। ਉਸ ਦਿਨ ਤੋਂ ਸਕਾਟਲੈਂਡ ਵਿਚ ਪੂਰੀ ਤਰ੍ਹਾਂ ਜਾਂ ਕਾਫ਼ੀ ਹਦ ਤਕ ਬੰਦ ਕੁਝ ਸਰਬਜਨਕ ਸਥਾਨਾਂ 'ਤੇ ਜਿਵੇਂ ਕਿ ਕਾਰਜ ਸਥਾਨਾਂ 'ਤੇ ਤਮਾਕੂਨੋਸ਼ੀ ਦੀ ਆਗਿਆ ਨਹੀਂ ਹੋਵੇਗੀ। ਇਸ ਬ੍ਰੋਸ਼ਅਰ ਵਿਚ, ਰੋਜ਼ਗਾਰ ਪ੍ਰਦਾਤਿਆਂ, ਮੈਨੇਜਰਾਂ ਅਤੇ ਉਨ੍ਹਾਂ ਵਿਅਕਤੀਆਂ ਲਈ ਸੂਚਨਾ ਅਤੇ ਸਲਾਹ ਹੈ, ਜਿਨ੍ਹਾਂ ਦੇ ਹੱਥ ਵਿਚ ਕਾਰਜ ਸਥਾਨਾਂ ਅਤੇ ਸਰਬਜਨਕ ਸਥਾਨਾਂ ਦਾ ਕੰਟਰੋਲ ਹੈ। ਇਨ੍ਹਾਂ ਸਥਾਨਾਂ ਵਿਚ ਲਾਇਸੈਂਸ ਪ੍ਰਾਪਤ ਸਥਾਨ ਵੀ ਸ਼ਾਮਲ ਹਨ, ਜਿਵੇਂ ਕਿ ਬਾਰ (ਮੈਖ਼ਾਨੇ), ਹੋਟਲ, ਸਭ ਤਰ੍ਹਾਂ ਦੇ ਕਲੱਬ, ਕੈਫ਼ੇ ਅਤੇ ਰੈਸਟੋਰੈਂਟ।

ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਹਰ ਉਹ ਕਾਰੋਬਾਰ ਅਤੇ ਹੋਰ ਸਰਬਜਨਕ ਸਥਾਨ, ਜਿੱਥੇ ਨਵੇਂ ਕਾਨੂੰਨ ਹੇਠ ਤਮਾਕੂਨੋਸ਼ੀ ਦੀ ਆਗਿਆ ਨਹੀਂ ਹੋਵੇਗੀ, 26 ਮਾਰਜ 2006 ਨੂੰ ਸਵੇਰੇ 6 ਵਜੇ ਤਮਾਕੂਨੋਸ਼ੀ ਦੀ ਮਨਾਹੀ ਬਾਰੇ ਕਾਨੂੰਨ ਦੇ ਲਾਗੂ ਹੋਣ ਲਈ ਤਿਆਰ ਹੋਣ।

ਇਹ ਬ੍ਰੋਸ਼ਅਰ ਵਖ ਵਖ ਕਾਰੋਬਾਰਾਂ ਬਾਰੇ ਸੰਸਥਾਵਾਂ ਦੇ ਮਸ਼ਵਰੇ ਨਾਲ ਤਿਆਰ ਕੀਤਾ ਗਿਆ ਹੈ। ਪਰ ਕਿਰਪਾ ਕਰਕੇ ਇਹ ਗੱਲ ਧਿਆਨ ਵਿਚ ਰਖੋ ਕਿ ਇਹ ਕੇਵਲ ਮਾਰਗ ਦਰਸ਼ਨ ਲਈ ਹੈ। ਜੇ ਤੁਹਾਨੂੰ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਬਾਰੇ ਕੋਈ ਸ਼ਕ ਹੈ, ਤਾਂ ਤੁਹਾਨੂੰ ਮਸ਼ਵਰਾ ਦਿੱਤਾ ਜਾਂਦਾ ਹੈ ਕਿ ਤੁਸੀਂ ਸੁਤੰਤਰ ਕਾਨੂੰਨੀ ਸਲਾਹ ਲਉ।

# ਅਸੀਂ ਨਵਾਂ ਕਾਨੂੰਨ ਕਿਉਂ ਲਾਗੂ ਕਰ ਰਹੇ ਹਾਂ ?

ਸਕਾਟਿਸ਼ ਪਾਰਲੀਮੈਂਟ ਨੇ ਸਕਾਟਲੈਂਡ ਦੇ ਲੋਕਾਂ ਨੂੰ ਕਿਸੇ ਵਿਅਕਤੀ ਵਲੋਂ ਤਮਾਕੂਨੋਸ਼ੀ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੇ ਧੂੰਏਂ ਨੂੰ ਸਾਹ ਰਾਹੀਂ ਅੰਦਰ ਜਾਣ ਦੇ ਹਾਨੀਕਾਰਕ ਅਸਰਾਂ ਤੋਂ ਬਚਾਉਣ ਲਈ ਇਹ ਨਵਾਂ ਕਾਨੂੰਨ ਪਾਸ ਕੀਤਾ ਹੈ।

ਤਮਾਕੂ ਅਤੇ ਸਿਹਤ ਬਾਰੇ ਵਿਗਿਆਨਕ ਕਮੇਟੀ (Scientific Committee on Tobacco and Health) ਨੇ 2004 ਵਿਚ ਕਿਸੇ ਵਿਅਕਤੀ ਵਲੋਂ ਤਮਾਕੂਨੋਸ਼ੀ ਤੋਂ ਪੈਦਾ ਹੁੰਦੇ ਧੂੰਏਂ ਦੇ ਦੂਜਿਆਂ ਦੇ ਅੰਦਰ ਸਾਹ ਨਾਲ ਜਾਣ ਬਾਰੇ ਸਬੂਤਾਂ ਦਾ ਜਾਇਜ਼ਾ ਲਿਆ। ਕਮੇਟੀ ਇਸ ਨਤੀਜੇ 'ਤੇ ਪਹੁੰਚੀ ਕਿ ਇਹ ਲੋਕਾਂ ਦੀ ਸਿਹਤ ਲਈ ਇਕ ਗੰਭੀਰ ਜੋਖਮ ਹੈ – ਜਿਸ ਨਾਲ ਬਾਲਗ਼ਾਂ ਵਿਚ ਛਾਤੀ ਦੇ ਕੈਂਸਰ, ਦਿਲ ਦੀ ਬੀਮਾਰੀ ਅਤੇ ਸਾਹ ਦੀ ਤਕਲੀਫ਼ ਹੋਣ ਦਾ ਜੋਖਮ ਵਧ ਜਾਂਦਾ ਹੈ, ਅਤੇ ਬੱਚਿਆਂ ਨੂੰ ਕਈ ਤਰ੍ਹਾਂ ਦੀਆਂ ਤਕਲੀਫ਼ਾਂ ਹੋ ਸਕਦੀਆਂ ਹਨ।

ਕਈ ਲੋਕ ਸਮਝਦੇ ਹਨ ਕਿ ਕਮਰੇ ਵਿਚ ਖੁਲ੍ਹੀ ਹਵਾ ਦੇ ਆਉਣ ਜਾਣ ਨਾਲ, ਤਮਾਕੂ ਦਾ ਧੂੰਆ ਸਾਹ ਨਾਲ ਅੰਦਰ ਜਾਣ ਨਾਲ ਸੰਬੰਧਤ ਸਿਹਤ ਲਈ ਜੋਖਮ ਨਹੀਂ ਰਹਿੰਦੇ। ਪਰ ਨਿਗਰ ਸਬੂਤਾਂ ਤੋਂ ਪਤਾ ਲਗਦਾ ਹੈ ਕਿ ਹਵਾ ਦੇ ਖੁਲ੍ਹੀ ਤਰ੍ਹਾਂ ਆਉਣ ਜਾਣ ਨਾਲ ਧੂੰਏਂ ਦੀ ਬੋਅ ਨਹੀਂ ਰਹਿੰਦੀ ਅਤੇ ਇਹ ਵਿਖਾਈ ਨਹੀਂ ਦਿੰਦਾ, ਪਰ ਕੈਂਸਰਜਨਕ ਜ਼ਹਿਰੀਲਾ ਅਸਰ ਖ਼ਤਮ ਨਹੀਂ ਹੁੰਦਾ। ਕਿਉਂਕਿ ਸਾਹ ਨਾਲ ਅੰਦਰ ਜਾਣ ਵਾਲੇ ਤਮਾਕੂ ਦੇ ਧੂੰਏਂ ਦੀ ਕੋਈ ਸੁਰੱਖਿਅਤ ਪੱਧਰ ਨਹੀਂ ਹੈ, ਹਵਾ ਦੇ ਖੁਲ੍ਹੀ ਤਰ੍ਹਾਂ ਆਉਣ ਜਾਣ ਦਾ ਪ੍ਰਬੰਧ ਕੋਈ ਵਿਕਲਪ ਨਹੀਂ ਹੈ।

# ਸਥਾਨ ਜਿੱਥੇ ਨਵਾਂ ਕਾਨੂੰਨ ਲਾਗੂ ਹੋਵੇਗਾ

ਕਾਨੂੰਨ ਦੇ ਤਹਿਤ ਕੁਝ ਸਰਬਜਨਕ ਸਥਾਨਾਂ 'ਤੇ ਤਮਾਕੂਨੋਸ਼ੀ ਦੀ ਮਨਾਹੀ ਹੈ, ਜੋ, 'ਪੂਰੀ ਤਰ੍ਹਾਂ ਜਾਂ ਕਾਫ਼ੀ ਹੱਦ ਤਕ ਬੰਦ ਹਨ'। ਇਸ ਤੋਂ ਭਾਵ ਉਹ ਥਾਂ ਹੈ, ਜਿਸ ਉੱਪਰ ਛੱਤ ਹੈ ਅਤੇ ਜੋ, ਦਰਵਾਜ਼ੇ, ਖਿੜਕੀਆਂ ਅਤੇ ਲਾਂਘਿਆਂ ਨੂੰ ਛਡਕੇ ਜਾਂ ਪੂਰੀ ਤਰ੍ਹਾਂ ਬੰਦ ਹੈ (ਭਾਵੇਂ ਸਥਾਈ ਤੌਰ 'ਤੇ ਜਾਂ ਆਰਜ਼ੀ ਤੌਰ 'ਤੇ), ਜਾਂ ਜੇ ਬੰਦ ਹੈ ਪਰ ਇਕ ਥਾਂ ਖੁਲ੍ਹੀ ਹੈ, ਜੋ ਇਸਦੇ ਕੰਧਾਂ ਵਾਲੇ ਹਿੱਸੇ ਦੇ ਅੱਧ ਨਾਲੋਂ ਘਟ ਹੋਵੇ। ਇਸਦਾ ਮਤਲਬ ਹੈ ਕਿ ਪਹਿਲਾਂ ਜਿਨ੍ਹਾਂ ਨੂੰ 'ਸਮੋਕਿੰਗ ਰੂਮ' ਕਿਹਾ ਜਾਂਦਾ ਸੀ, ਉਹ ਹੁਣ ਨਹੀਂ ਰਹਿਣਗੇ।

ਕਾਰੋਬਾਰ ਦੇ ਮੰਤਵ ਲਈ ਵਰਤੇ ਜਾਣ ਵਾਲੇ ਵਾਹਣਾਂ 'ਤੇ ਵੀ ਨਵੇਂ ਕਾਨੂੰਨ ਦਾ ਅਸਰ ਪਏਗਾ। ਇਨ੍ਹਾਂ ਵਿਚ ਮਾਲ ਢੋਣ ਵਾਲੀਆਂ ਹਲਕੀਆਂ ਅਤੇ ਭਾਰੀ ਮੋਟਰ ਗੱਡੀਆਂ ਅਤੇ ਜਨਤਕ ਟਰਾਂਸਪੋਰਟ ਜਿਵੇਂ ਕਿ ਟੈਕਸੀਆਂ, ਬੱਸਾਂ, ਰੇਲ ਗੱਡੀਆਂ ਅਤੇ ਫ਼ੈਰੀਆਂ ਸ਼ਾਮਲ ਹਨ। ਜੇ ਤੁਸੀਂ ਕਾਰ ਨੂੰ (ਤੁਹਾਡੀ ਆਪਣੀ ਜਾਂ ਕੰਪਨੀ ਦੀ ਕਾਰ) ਕਾਰੋਬਾਰ ਦੇ ਮੰਤਵਾਂ ਲਈ ਵਰਤਦੇ ਹੋ ਤਾਂ ਉਸ ਨੂੰ ਇਸ ਕਾਨੂੰਨ ਤੋਂ ਛੋਟ ਪ੍ਰਾਪਤ ਹੋਵੇਗੀ।

ਉਨ੍ਹਾਂ ਸਥਾਨਾਂ ਦੀ ਪੂਰੀ ਲਿਸਟ ਅੰਤਿਕਾ B ਵਿਚ ਦਿੱਤੀ ਗਈ ਹੈ, ਜਿਨ੍ਹਾਂ ਵਿਚ ਨਵੇਂ ਕਾਨੂੰਨ ਦੇ ਤਹਿਤ 'ਤਮਾਕੂਨੋਸ਼ੀ ਦੀ ਆਗਿਆ ਨਹੀਂ ਹੋਏਗੀ', ਜੇਕਰ ਉਹ ਪੂਰੀ ਤਰ੍ਹਾਂ ਜਾਂ ਕਾਫ਼ੀ ਹੱਦ ਤਕ ਬੰਦ ਹਨ।

# ਸਥਾਨ ਜੋ ਇਨ੍ਹਾਂ ਵਿਚ ਸ਼ਾਮਲ ਨਹੀਂ ਹਨ

ਕੇਵਲ ਕੁਝ ਇਕ ਸਥਾਨਾਂ ਨੂੰ ਹੀ ਨਵੇਂ ਕਾਨੂੰਨ ਤੋਂ ਛੋਟ ਪ੍ਰਾਪਤ ਹੋਵੇਗੀ। ਇਨ੍ਹਾਂ ਦੀ ਪੂਰੀ ਲਿਸਟ ਅੰਤਿਕਾ C ਵਿਚ ਦਿੱਤੀ ਗਈ ਹੈ।

ਦੇਖਭਾਲ ਦੇ ਖੇਤਰ ਦੇ ਉਨ੍ਹਾਂ ਸਥਾਨਾਂ, ਜਿਨ੍ਹਾਂ ਨੂੰ ਇਸ ਖੇਤਰ ਤੋਂ ਛੋਟ ਪ੍ਰਾਪਤ ਹੋਏਗੀ, ਨੂੰ ਅਗੋਂ ਹੋਰ ਦਿਸ਼ਾ ਨਿਰਦੇਸ਼ ਦਿੱਤੇ ਜਾਣਗੇ। ਇਸ ਨਾਲ ਇਹ ਪੱਕ ਹੋ ਜਾਵੇਗਾ ਕਿ ਤਮਾਕੂਨੋਸ਼ੀ ਬਾਰੇ ਉਚਿਤ ਪਾਲਿਸੀਆਂ ਸਥਾਪਤ ਹੋਣ ਅਤੇ ਤਮਾਕੂਨੋਸ਼ੀ ਲਈ 'ਮਨੋਨੀਤ ਕਮਰੇ' (designated rooms) ਸਿਰਫ਼ ਮਾਨਵੀ ਆਧਾਰ 'ਤੇ ਵਰਤੇ ਜਾਣ – ਤਾਂ ਜੋ ਤਮਾਕੂਨੋਸ਼ੀ ਨਾ ਕਰਨ ਵਾਲੇ ਮਰੀਜ਼ਾਂ, ਮੁਲਾਕਾਤੀਆਂ ਅਤੇ ਸਟਾਫ਼ ਉੱਤੇ ਦੂਜਿਆਂ ਵਲੋਂ ਤਮਾਕੂਨੋਸ਼ੀ ਕਾਰਨ ਛੱਡੇ ਗਏ ਧੂੰਏਂ ਦਾ ਗ਼ੈਰ ਜ਼ਰੂਰੀ ਤੌਰ 'ਤੇ ਅਸਰ ਨਾ ਪਵੇ।

ਦੇਖਭਾਲ ਦੇ ਖੇਤਰ ਵਿਚ ਪ੍ਰੋਪਰਾਈਟਰਾਂ ਅਤੇ ਮੈਨੇਜਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਕਿਸੇ ਕਮਰੇ ਨੂੰ ਤਮਾਕੂਨੋਸ਼ੀ ਦਾ ਆਗਿਆ ਵਾਲਾ ਕਮਰਾ ਕਰਾਰ ਦੇਣ ਵੇਲੇ ਉਹ ਕਾਨੂੰਨ (ਅੰਤਿਕਾ A) ਵਿਚ 'ਮਨੋਨੀਤ ਕਮਰਿਆਂ' ਦੀ ਵਿਆਖਿਆ ਨੂੰ ਧਿਆਨ ਵਿਚ ਰਖਣ, ਤਾਂ ਜੋ ਉਹ ਯਕੀਨੀ ਤੌਰ 'ਤੇ ਨਵੇਂ ਕਾਨੂੰਨ ਦੇ ਅਨੁਕੂਲ ਹੋਣ।

ਹੋਟਲ, ਬੋਰਡਿੰਗ ਹਾਊਸ, ਸਰਾਵਾਂ ਜਾਂ ਹੋਸਟਲ ਆਦਿਕ – ਜਿਨ੍ਹਾਂ ਵਿਚ ਘਟੋ ਘਟ ਦੋ ਅਪਾਰਟਮੈਂਟ ਸਿਰਫ਼ ਮਹਿਮਾਨਾਂ ਦੇ ਸੌਣ ਲਈ ਵਖਰੇ ਰੱਖੇ ਗਏ ਹੋਣ – ਇਕ ਜਾਂ ਵਧ ਬੈੱਡਰੂਮ ਨਿਸਚਤ ਕਰ ਸਕਦੇ ਹਨ, ਜਿੱਥੇ ਰਹਿਣ ਵਾਲੇ, ਜੇ ਚਾਹੁਣ ਤਾਂ ਤਮਾਕੂਨੋਸ਼ੀ ਕਰ ਸਕਦੇ ਹਨ। ਪਰ ਪ੍ਰੋਪਰਾਈਟਰਾਂ ਅਤੇ ਮੈਨੇਜਰਾਂ ਨੂੰ ਇਹ ਪੱਕ ਕਰਨ ਲਈ ਕਿ ਇਹ ਕਮਰੇ ਕਾਨੂੰਨ ਦੀਆਂ ਸ਼ਰਤਾਂ ਦੇ ਅਨੁਕੂਲ ਹੋਣ, ਅੰਤਿਕਾ A ਵਿਚ 'ਮਨੋਨੀਤ ਹੋਟਲ ਬੈੱਡਰੂਮ' ਦੀ ਵਿਆਖਿਆ ਨੂੰ ਧਿਆਨ ਨਾਲ ਸਮਝਣਾ ਚਾਹੀਦਾ ਹੈ।

ਪਰ ਜਿਨ੍ਹਾਂ ਸਥਾਨਾਂ ਨੂੰ ਨਵੇਂ ਕਾਨੂੰਨ ਹੇਠ ਛੋਟ ਮਿਲੀ ਹੋਵੇਗੀ, ਉਨ੍ਹਾਂ ਦੇ ਪ੍ਰੋਪਰਾਈਟਰਾਂ ਲਈ, ਤਮਾਕੂਨੋਸ਼ੀ ਲਈ ਥਾਵਾਂ ਮਨੋਨੀਤ ਕਰਨ ਦੀ ਕੋਈ ਕਾਨੂੰਨੀ ਜ਼ਿੰਮੇਵਾਰੀ ਨਹੀਂ ਆਉਂਦੀ, ਜੇ ਉਹ ਅਜਿਹਾ ਨਹੀਂ ਕਰਨਾ ਚਾਹੁੰਦੇ।

# ਨਵੇਂ ਕਾਨੂੰਨ ਦੀ ਪਾਲਣਾ ਕਿਵੇਂ ਕੀਤੀ ਜਾਵੇ

ਐਤਵਾਰ 26 ਮਾਰਚ 2006 ਨੂੰ ਸਵੇਰੇ 6 ਵਜੇ ਤੋਂ ਸਕਾਟਲੈਂਡ ਵਿਚ ਹਰ ਉਸ ਕਾਰੋਬਾਰ ਅਤੇ ਸੰਗਠਨ ਨੂੰ, ਜਿਸ 'ਤੇ ਕਾਨੂੰਨ ਲਾਗੂ ਹੁੰਦਾ ਹੈ, ਇਹ ਯਕੀਨੀ ਬਣਾਉਣ ਲਈ ਸਾਰੀਆਂ 'ਉਚਿਤ ਇਹਤਿਆਤੀ ਕਾਰਵਾਈਆਂ' ਕਰਨੀਆਂ ਪੈਣਗੀਆਂ, ਕਿ ਕਰਮਚਾਰੀ, ਕਸਟਮਰ ਅਤੇ ਮੁਲਾਕਾਤੀ ਉਨ੍ਹਾਂ ਦੇ ਸਥਾਨਾਂ 'ਤੇ ਤਮਾਕੂਨੋਸ਼ੀ ਨਾ ਕਰਨ।

ਅਸੀਂ ਤੁਹਾਨੂੰ ਨਿਮਨਲਿਖਿਤ ਘਟੋ ਘਟ ਕਾਰਵਾਈ ਕਰਨ ਦੀ ਸਿਫ਼ਾਰਸ਼ ਕਰਦੇ ਹਾਂ :

- 'ਤਮਾਕੂਨੋਸ਼ੀ ਨਾ ਕਰੋ' (No Smoking) ਦੇ ਸੰਕੇਤ (ਹੇਠਾਂ ਦੇਖੋ) ਅਜਿਹੇ ਤਰੀਕੇ ਨਾਲ ਪ੍ਰਦਰਸ਼ਤ ਕਰੋ ਕਿ ਸਟਾਫ਼, ਕਸਟਮਰ ਅਤੇ ਮੁਲਾਕਾਤੀ ਇਸ ਗੱਲ ਤੋਂ ਸੁਚੇਤ ਹੋ ਜਾਣ ਕਿ ਉਨ੍ਹਾਂ ਨੂੰ ਨਵੇਂ ਕਾਨੂੰਨ ਦੀ ਜ਼ਰੂਰ ਪਾਲਣਾ ਕਰਨੀ ਚਾਹੀਦੀ ਹੈ।
- ਸਾਰੀਆਂ ਐਸ਼ਟ੍ਰੇਆਂ ਹਟਾ ਦਿਉ।
- ਸਟਾਫ਼ ਨਾਲ ਮਿਲ ਕੇ ਤਮਾਕੂਨੋਸ਼ੀ ਤੋਂ ਮੁਕਤ ਹੋਣ ਬਾਰੇ ਪਾਲਿਸੀ ਤਿਆਰ ਅਤੇ ਲਾਗੂ ਕਰੋ, ਤਾਂ ਜੋ ਇਹ ਯਕੀਨੀ ਹੋ ਜਾਏ ਕਿ ਕਰਮਚਾਰੀਆਂ, ਕਸਟਮਰਾਂ, ਮੈਂਬਰਾਂ ਆਦਿ ਵਲੋਂ ਕੀਤੀਆਂ ਗਈਆਂ ਉਲੰਘਣਾਵਾਂ ਨਾਲ, ਮੰਨੀ ਗਈ ਕਾਰਜ ਵਿਧੀ ਅਨੁਸਾਰ ਨਜਿੱਠਿਆ ਜਾਵੇਗਾ (ਪੰਨਾ 13 ਦੇਖੋ)।
- ਤਮਾਕੂਨੋਸ਼ੀ ਕਰਨ ਵਾਲੇ ਹਰ ਕਿਸੇ ਨੂੰ ਸੂਚਿਤ ਕਰੋ ਕਿ ਉਹ ਇਕ ਅਪਰਾਧ ਕਰ ਰਿਹਾ/ਰਹੀ ਹੈ।
- ਉਸਨੂੰ ਬੇਨਤੀ ਕਰੋ ਕਿ ਉਹ ਤਮਾਕੂਨੋਸ਼ੀ ਵਾਲਾ ਪਦਾਰਥ ਫ਼ੌਰਨ ਬੁਝਾ ਦੇਵੇ ਜਾਂ ਉੱਥੋਂ ਚਲਾ/ਚਲੀ ਜਾਵੇ।
- ਕਾਨੂੰਨ ਦੇ ਵਿਰੁਧ ਜਾ ਕੇ ਤਮਾਕੂਨੋਸ਼ੀ ਕਰਨ ਵਾਲੇ ਵਿਅਕਤੀਆਂ ਨੂੰ ਸਰਵ ਕਰਨ ਤੋਂ ਨਾ ਕਰ ਦਿਉ (ਜੇ ਤੁਹਾਡਾ ਕਾਰੋਬਾਰ ਕਸਟਮਰਾਂ ਜਾਂ ਮੈਂਬਰਾਂ ਨੂੰ ਸਰਵਿਸ ਮੁਹੱਈਆ ਕਰਨ ਦਾ ਹੈ)।

# ਸਥਾਨਾਂ ਲਈ ਤਮਾਕੂਨੋਸ਼ੀ ਨਾ ਕਰਨ ਦੇ ਸੰਕੇਤ

ਕਾਨੂੰਨ ਤਹਿਤ ਪਾਬੰਦੀ ਤੋਂ ਪ੍ਰਭਾਵਤ ਕਿਸੇ ਵੀ ਸਥਾਨ ਅੰਦਰ ਜਾਂ ਉਸ ਦੇ ਉੱਪਰ 'ਤਮਾਕੂਨੋਸ਼ੀ ਨਾ ਕਰੋ' ਦੇ ਸੰਕੇਤ ਲਾਉਣੇ ਜ਼ਰੂਰੀ ਹਨ, ਤਾਂ ਜੋ ਸਥਾਨ ਦੇ ਅੰਦਰ ਅਤੇ ਉੱਥੇ ਆਉਣ ਵਾਲੇ ਲੋਕ ਇਨ੍ਹਾਂ ਨੂੰ ਦੇਖ ਅਤੇ ਪੜ੍ਹ ਸਕਣ। ਉਹ ਅਜਿਹੇ ਤਰੀਕੇ ਨਾਲ ਪ੍ਰਦਰਸ਼ਤ ਕੀਤੇ ਜਾਣੇ ਚਾਹੀਦੇ ਹਨ, ਕਿ ਉਹ ਸਾਫ਼ ਦਿਖਾਈ ਦੇਣ, ਅਤੇ ਉਨ੍ਹਾਂ ਨੂੰ ਖ਼ਰਾਬ ਨਾ ਕੀਤਾ ਜਾ ਸਕੇ, ਨੁਕਸਾਨ ਨਾ ਪਹੁੰਚਾਇਆ ਜਾ ਸਕੇ ਅਤੇ ਉੱਥੋਂ ਹਟਾਇਆ ਜਾਂ ਲੁਕਾਇਆ ਨਾ ਜਾ ਸਕੇ।

ਸਥਾਨ ਲਈ 'ਤਮਾਕੂਨੋਸ਼ੀ ਨਾ ਕਰੋ' ਦੇ ਸੰਕੇਤ ਲਈ ਜ਼ਰੂਰੀ ਹੈ ਕਿ :

- ਇਹ ਘਟੋ ਘਟ 230 ਮਿ.ਮੀ. ਗੁਣਾ 160 ਮਿ.ਮੀ. ਸਾਈਜ਼ ਦਾ ਹੋਵੇ।
- ਇਸ ਵਿਚ ਕਿਹਾ ਗਿਆ ਹੋਵੇ ਕਿ ਇਸ ਸਥਾਨ 'ਤੇ ਤਮਾਕੂਨੋਸੀ ਦੀ ਆਗਿਆ ਨਹੀਂ ਹੈ, ਅਤੇ ਇੱਥੇ ਤਮਾਕੂਨੋਸ਼ੀ ਕਰਨਾ ਜਾਂ ਇਹ ਜਾਣਦਿਆਂ ਹੋਇਆਂ ਤਮਾਕੂਨੋਸ਼ੀ ਦੀ ਆਗਿਆ ਦੇਣਾ ਅਪਰਾਧ ਹੈ।
- ਇਸ ਵਿਚ 'ਤਮਾਕੂਨੋਸ਼ੀ ਨਾ ਕਰੋ' ਦਾ ਕੌਮਾਂਤਰੀ ਚਿੰਨ੍ਹ ਹੋਵੇ, ਜਿਸਦਾ ਵਿਆਸ ਘਟੋ ਘਟ 85 ਮਿ.ਮੀ. ਹੋਵੇ।
- ਉਸ ਵਿਅਕਤੀ ਦਾ ਨਾਂਅ ਦੱਸਿਆ ਗਿਆ ਹੋਵੇ, ਜਿਸ ਕੋਲ ਕਿਸੇ ਨੂੰ ਤਮਾਕੂਨੋਸ਼ੀ ਕਰਦਿਆਂ ਵੇਖਣ 'ਤੇ, ਸ਼ਿਕਾਇਤ ਕੀਤੀ ਜਾ ਸਕੇ।

ਇਹ ਫ਼ੈਸਲਾ ਕਰਨਾ ਮੈਨੇਜਰ ਜਾਂ ਉਸ ਵਿਅਕਤੀ ਦਾ ਕੰਮ ਹੈ ਜਿਸ ਦੇ ਹੱਥ ਵਿਚ ਉਸ ਸਥਾਨ ਦਾ ਕੰਟਰੋਲ ਹੋਵੇ ਕਿ ਉੱਥੇ ਕਿੰਨੇ ਨੋਟਿਸ ਲਾਏ ਜਾਣ ਕਿ ਉੱਥੇ ਹਰ ਇਕ ਨੂੰ ਯਕੀਨੀ ਤੌਰ 'ਤੇ ਪਤਾ ਲਗ ਜਾਵੇ ਕਿ ਉੱਥੇ ਤਮਾਕੂਨੋਸ਼ੀ ਕਰਨ ਦੀ ਇਜਾਜ਼ਤ ਨਹੀਂ ਹੈ। ਜੇ ਤੁਸੀਂ ਇਹ ਫ਼ੈਸਲਾ ਕਰਦੇ ਹੋ ਕਿ 'ਤਮਾਕੂਨੋਸ਼ੀ ਨਾ ਕਰੋ' ਬਾਰੇ ਇਕ ਤੋਂ ਵਧ ਨੋਟਿਸ ਚਾਹੀਦੇ ਹਨ, ਤਾਂ ਵਧੀਕ ਨੋਟਿਸਾਂ ਵਿਚ ਇਹ ਦੱਸਿਆ ਹੋਣਾ ਚਾਹੀਦਾ ਹੈ ਕਿ :

- ਇਸ ਸਥਾਨ 'ਤੇ ਤਮਾਕੂਨੋਸ਼ੀ ਕਰਨ ਦੀ ਇਜਾਜ਼ਤ ਨਹੀਂ ਹੈ, ਅਤੇ ਉੱਥੇ ਤਮਾਕੂਨੋਸ਼ੀ ਕਰਨਾ ਜਾਂ ਇਹ ਜਾਣਦਿਆਂ ਹੋਇਆਂ ਤਮਾਕੂਨੋਸ਼ੀ ਦੀ ਆਗਿਆ ਦੇਣਾ ਅਪਰਾਧ ਹੈ।
- ਇਨ੍ਹਾਂ ਵਿਚ 'ਤਮਾਕਨੋਸ਼ੀ ਨਾ ਕਰੋ' ਦਾ ਕੌਮਾਂਤਰੀ ਚਿੰਨ੍ਹ ਹੋਣਾ ਚਾਹੀਦਾ ਹੈ, ਜਿਸਦਾ ਵਿਆਸ ਘਟੋ ਘਟ 85 ਮਿ.ਮੀ. ਹੋਵੇ।

# ਵਾਹਣਾਂ ਲਈ ਤਮਾਕੂਨੋਸ਼ੀ ਨਾ ਕਰੋ ਦੇ ਸੰਕੇਤ

ਕਾਨੂੰਨ ਦੇ ਤਹਿਤ ਤੁਹਾਡੇ ਲਈ ਇਹ ਜ਼ਰੂਰੀ ਹੈ ਕਿ ਪਾਬੰਦੀ ਤੋਂ ਪ੍ਰਭਾਵਤ ਵਾਹਣਾਂ ਵਿਚ ਅਤੇ ਉਨ੍ਹਾਂ ਦੇ ਉੱਪਰ 'ਤਮਾਕੂਨੋਸ਼ੀ ਨਾ ਕਰੋ' ਦੇ ਸੰਕੇਤ ਇਸ ਤਰੀਕੇ ਨਾਲ ਪ੍ਰਦਰਸ਼ਤ ਕੀਤੇ ਜਾਣ, ਕਿ ਸੰਬੰਧਤ ਵਾਹਣ ਅੰਦਰਲੇ ਵਿਅਕਤੀ ਅਤੇ ਬਾਹਰੋਂ ਇਸ ਤਕ ਆਉਣ ਵਾਲੇ ਵਿਅਕਤੀ ਇਸ ਸੰਕੇਤ ਨੂੰ ਦੇਖ ਅਤੇ ਪੜ੍ਹ ਸਕਣ। ਇਨ੍ਹਾਂ ਵਾਹਣਾਂ ਵਿਚ ਸ਼ਾਮਲ ਹਨ, ਰੇਲ ਗੱਡੀਆਂ, ਬੱਸਾਂ, ਟੈਕਸੀਆਂ, ਕਿਰਾਏ 'ਤੇ ਲਈਆਂ ਪ੍ਰਾਈਵੇਟ ਕਾਰਾਂ, ਅਤੇ ਕੋਈ ਵੀ ਸਮੁੰਦਰੀ ਜਹਾਜ਼, ਕਿਸ਼ਤੀ ਜਾਂ ਹੋਵਰਕ੍ਰਾਫ਼ਟ। ਇਨ੍ਹਾਂ ਸੰਕੇਤਾਂ ਦਾ ਸਾਈਜ਼ ਕਾਨੂੰਨੀ ਤੌਰ 'ਤੇ ਨਿਸਚਤ ਨਹੀਂ ਕੀਤਾ ਗਿਆ, ਪਰ ਫਿਰ ਵੀ ਇਹ ਕੁਝ ਮਿਆਰਾਂ ਦੇ ਅਨੁਕੂਲ ਹੋਣੇ ਚਾਹੀਦੇ ਹਨ।

ਨਵੇਂ ਕਾਨੂੰਨ ਦੇ ਤਹਿਤ ਕਿਸੇ ਵੀ ਸੰਬੰਧਤ ਵਾਹਣ 'ਤੇ ਲਾਏ ਜਾਣ ਵਾਲੇ ਸੰਕੇਤ ਦੀ ਘਟੋ ਘਟ ਜ਼ਰੂਰਤ ਇਹ ਹੈ ਕਿ ਇਸ 'ਤੇ 'ਤਮਾਕੂਨੋਸ਼ੀ ਨਾ ਕਰੋ' ਨੋਟਿਸ ਹੋਣਾ ਚਾਹੀਦਾ ਹੈ, ਜਿਸ ਵਿਚ :

- ਕਿਹਾ ਗਿਆ ਹੋਵੇ ਕਿ ਇਸ ਵਾਹਣ ਵਿਚ ਤਮਾਕੂਨੋਸ਼ੀ ਨਾ ਕਰੋ, ਅਤੇ ਇਸ ਵਿਚ ਤਮਾਕੂਨੋਸ਼ੀ ਕਰਨਾ ਅਤੇ ਇਹ ਜਾਣਦਿਆਂ ਹੋਇਆਂ ਕਿਸੇ ਹੋਰ ਨੂੰ ਇਸ ਵਿਚ ਤਮਾਕੂਨੋਸ਼ੀ ਕਰਨ ਦੇਣਾ ਇਕ ਅਪਰਾਧ ਹੈ।
- 'ਤਮਾਕੂਨੋਸ਼ੀ ਨਾ ਕਰੋ' ਦਾ ਕੌਮਾਂਤਰੀ ਚਿੰਨ੍ਹ ਪ੍ਰਦਰਸ਼ਤ ਕੀਤਾ ਗਿਆ ਹੋਵੇ।
- ਇਕ ਖ਼ਾਸ ਅਹੁਦੇ 'ਤੇ ਲਗੇ ਵਿਅਕਤੀ (ਜਿਵੇਂ ਕਿ ਮੈਨੇਜਰ) ਬਾਰੇ ਦੱਸਿਆ ਗਿਆ ਹੋਵੇ, ਜਿਸ ਕੋਲ, ਕਿਸੇ ਹੋਰ ਵਿਅਕਤੀ ਨੂੰ ਤਮਾਕੂਨੋਸ਼ੀ ਕਰਦਿਆਂ ਦੇਖ ਕੇ ਉਸਦੀ ਸ਼ਿਕਾਇਤ ਕੀਤੀ ਜਾ ਸਕੇ।

ਸੰਕੇਤ ਦੇ ਨਮੂਨੇ ਦੀਆਂ ਕਾਪੀਆਂ www.clearingtheairscotland.com ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਹੋ ਸਕਦਾ ਹੈ ਕਿ ਤੁਸੀਂ ਇਕ ਆਪਣਾ ਸੰਕੇਤ ਤਿਆਰ ਕਰਨਾ ਚਾਹੋ, ਪਰ ਕਿਰਪਾ ਕਰਕੇ ਇਹ ਪੱਕ ਕਰੋ ਕਿ ਤੁਹਾਡਾ ਸੰਕੇਤ ਕਾਨੂੰਨ ਅਨੁਸਾਰ ਉਪਰੋਕਤ ਮਿਆਰਾਂ ਦੇ ਅਨੁਕੂਲ ਹੋਵੇ।

# ਥਾਵਾਂ ਜਿੱਥੇ ਸਟਾਫ਼ ਜਾਂ ਕਸਟਮਰ ਤਮਾਕੂਨੋਸ਼ੀ ਕਰ ਸਕਦੇ ਹਨ

ਜੇ ਤੁਸੀਂ ਆਪਣੇ ਸਟਾਫ਼ ਜਾਂ ਕਸਟਮਰਾਂ ਵਾਸਤੇ ਤਮਾਕੂਨੋਸ਼ੀ ਲਈ ਬਾਹਰ ਕੋਈ ਖੁਲ੍ਹੀ ਥਾਂ ਨਿਸਚਤ ਕਰਨੀ ਚਾਹੁੰਦੇ ਹੋ, ਤਾਂ ਆਪਣੇ ਸਟਾਫ਼ ਨਾਲ ਸਲਾਹ ਕਰੋ, ਫਿਰ ਵਿਓਂਤਬੰਦੀ ਲਈ ਕਾਨੂੰਨੀ ਅਤੇ ਸਥਾਨਕ ਸਰੋਤਾਂ ਤੋਂ ਸਲਾਹ ਲਉ ਤਾਂ ਜੋ ਤੁਹਾਡੀਆਂ ਤਜਵੀਜ਼ਾਂ ਯਕੀਨੀ ਤੌਰ 'ਤੇ ਕਾਨੂੰਨ ਦੇ ਅਨੁਕੂਲ ਹੋਣ। ਤਮਾਕੂਨੋਸ਼ੀ ਲਈ ਬਾਹਰ ਕੋਈ ਖੁਲ੍ਹੀ ਥਾਂ ਲਈ ਵਿਓਂਤਬੰਦੀ ਕਰਨ ਵੇਲੇ ਕਿਰਪਾ ਕਰਕੇ ਇਹ ਗੱਲ ਧਿਆਨ ਵਿਚ ਰਖੋ ਕਿ ਇਕ 'ਪੂਰੀ ਤਰ੍ਹਾਂ ਜਾਂ ਕਾਫ਼ੀ ਹੱਦ ਤਕ ਬੰਦ ਇਲਾਕੇ' ਦੀ ਕਾਨੂੰਨੀ ਪਰਿਭਾਸ਼ਾ ਅੰਤਿਕਾ A ਵਿਚ ਦਿੱਤੀ ਗਈ ਹੈ। ਇਸ ਪਰਿਭਾਸ਼ਾ ਦੇ ਆਧਾਰ 'ਤੇ ਇਹ ਨਿਰਣਾ ਕੀਤਾ ਜਾਵੇਗਾ ਕਿ ਕੀ ਇਸ ਥਾਂ 'ਤੇ ਇਹ ਕਾਨੂੰਨ ਲਾਗੂ ਹੁੰਦਾ ਹੈ ਜਾਂ ਨਹੀਂ।

ਜੇ ਤਮਾਕੂਨੋਸ਼ੀ ਲਈ ਬਾਹਰ ਕੋਈ ਖੁਲ੍ਹੀ ਥਾਂ ਨਿਸਚਤ ਨਹੀਂ ਕੀਤੀ ਜਾਂਦੀ, ਅਤੇ ਸਟਾਫ਼ ਅਤੇ/ਜਾਂ ਕਸਟਮਰਾਂ ਨੂੰ ਤਮਾਕੂਨੋਸ਼ੀ ਲਈ ਸਥਾਨ ਤੋਂ ਬਾਹਰ ਜਾਣਾ ਪਵੇ, ਤਾਂ ਇਸ ਹਾਲਤ ਵਿਚ ਤੁਸੀਂ ਸਿਗਰਟਾਂ ਦੇ ਬਚੇ ਖੁਚੇ ਟੁਕੜੇ ਸੁੱਟਣ ਵਾਸਤੇ ਪ੍ਰਵੇਸ਼ ਦਵਾਰ 'ਤੇ ਜਾਂ ਬਾਹਰ ਜਾਣ ਵਾਲੇ ਦਵਾਰ ਦੇ ਕੋਲ ਬਿਨ ਰਖਣੇ ਚਾਹੋ, ਤਾਂ ਜੋ ਇਧਰ ਉਧਰ ਘਟ ਤੋਂ ਘਟ ਕੂੜਾ ਪਿਆ ਹੋਵੇ।

ਜੇ ਤਮਾਕੂਨੋਸ਼ੀ ਵਾਲੀ ਬਾਹਰ ਵਾਰਲੀ ਖੁਲ੍ਹੀ ਥਾਂ ਅਲੱਗ- ਥਲੱਗ ਜਹੀ ਹੈ, ਜਾਂ ਉੱਥੇ ਰੌਸ਼ਨੀ ਘਟ ਹੈ, ਤਾਂ ਉੱਥੇ ਤਮਾਕੂਨੋਸ਼ੀ ਕਰਨ ਵਾਲਿਆਂ ਦੀ ਸੁਰੱਖਿਅਤਾ ਨੂੰ ਯਕੀਨੀ ਬਣਾਉਣ ਵਿਚ ਸਹਾਇਤਾ ਦੇਣ ਬਾਰੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਹੋ ਸਕਦਾ ਹੈ ਕਿ ਤੁਹਾਡਾ ਸਥਾਨਕ ਕਮਿਊਨਿਟੀ ਸੁਰੱਖਿਅਤਾ ਅਫ਼ਸਰ ਤੁਹਾਨੂੰ ਸਲਾਹ ਦੇ ਸਕੇ। ਉਸ ਨਾਲ ਸਥਾਨਕ ਪੁਲੀਸ ਹੈਡਕੁਆਰਟਰ ਦੁਆਰਾ ਸੰਪਰਕ ਕੀਤਾ ਜਾ ਸਕਦਾ ਹੈ।

# ਜੇ ਕੋਈ ਤਮਾਕੂਨੋਸ਼ੀ ’ਤੇ ਪਾਬੰਦੀ ਨੂੰ ਨਜ਼ਰ ਅੰਦਾਜ਼ ਕਰ ਦਏ, ਤਾਂ ਕੀ ਕਰੋ

ਸਾਨੂੰ ਵਿਸ਼ਵਾਸ ਹੈ ਕਿ ਲੋਕਾਂ ਦੀ ਬਹੁਗਿਣਤੀ ਤਮਾਕੂਨੋਸ਼ੀ ਬਾਰੇ ਨਵੇਂ ਕਾਨੂੰਨ ਦਾ ਸਤਿਕਾਰ ਕਰੇਗੀ। ਪਰ ਤੁਹਾਨੂੰ ਇਹ ਪਤਾ ਹੋਣਾ ਜ਼ਰੂਰੀ ਹੈ, ਕਿ ਜੇ ਕੋਈ ਤਮਾਕੂਨੋਸ਼ੀ ਕਰਨਾ ਜਾਰੀ ਰਖਦਾ ਹੈ, ਤਾਂ ਕੀ ਕਰਨਾ ਚਾਹੀਦਾ ਹੈ :

- ਵਿਅਕਤੀ ਦਾ ਧਿਆਨ ‘ਤਮਾਕੂਨੋਸ਼ੀ ਨਾ ਕਰੋ’ ਸੰਕੇਤਾਂ ਵਲ ਦਿਵਾਉ ਅਤੇ ਉਸਨੂੰ ਯਾਦ ਕਰਾਉ ਕਿ ਉਹ ਅਪਰਾਧ ਕਰ ਰਿਹਾ ਹੈ। ਉਸ ਨੂੰ ਨਿਮਰਤਾ ਨਾਲ ਤਮਾਕੂਨੋਸ਼ੀ ਬੰਦ ਕਰ ਦੇਣ ਲਈ ਕਹੋ।
- ਉਸ ਨੂੰ ਦੱਸੋ ਕਿ ਕਿਸੇ ਨੂੰ ਤਮਾਕੂਨੋਸ਼ੀ ਕਰਨ ਦੇਣਾ ਤੁਹਾਡੇ ਲਈ (ਮਾਲਕ, ਮੈਨੇਜਰ ਆਦਿਕ ਵਜੋਂ) ਵੀ ਇਕ ਅਪਰਾਧ ਹੈ।
- ਉਸ ਨੂੰ ਦੱਸੋ ਕਿ ਕਾਰੋਬਾਰ ਦੀ ਤਮਾਕੂਨੋਸ਼ੀ ਤੋਂ ਮੁਕਤ ਹੋਣ ਦੀ ਪਾਲਿਸੀ ਹੈ, ਤਾਂ ਜੋ ਸਾਰੇ ਸਟਾਫ਼ ਦੇ ਕੰਮ ਕਰਨ ਲਈ ਅਤੇ ਕਸਟਮਰਾਂ ਲਈ ਇਕ ਸੁਰੱਖਿਅਤ ਆਲੇ ਦੁਆਲੇ ਨੂੰ ਯਕੀਨੀ ਬਣਾਇਆ ਜਾ ਸਕੇ।

ਜੇ ਤਮਾਕੂਨੋਸ਼ੀ ਕਰਨ ਵਾਲਾ ਵਿਅਕਤੀ ਇਕ ਕਰਮਚਾਰੀ ਹੈ :

- ਜੇ ਉਹ ਤੁਹਾਡੀ ਚੇਤਾਵਨੀ ਨੂੰ ਨਜ਼ਰ ਅੰਦਾਜ਼ ਕਰ ਦਿੰਦਾ ਹੈ, ਤਾਂ ਉਸ ਨੂੰ ਫ਼ੌਰਨ ਸਥਾਨ ਤੋਂ ਚਲੇ ਜਾਣ ਲਈ ਕਹੋ (ਅਤੇ, ਜੇ ਉਚਿਤ ਹੋਵੇ, ਤਾਂ ਉਸ ਨੂੰ ਦੱਸੋ ਕਿ ਤਮਾਕੂਨਸ਼ੀ ਕਿੱਥੇ ਕੀਤੀ ਜਾ ਸਕਦੀ ਹੈ)।
- ਜੇ ਉਹ ਵਿਅਕਤੀ ਅਜਿਹਾ ਕਰਨ ਤੋਂ ਇਨਕਾਰ ਕਰ ਦਿੰਦਾ ਹੈ, ਤਾਂ ਕਾਰਜ ਸਥਾਨ ’ਤੇ ਸਮਾਜ ਵਿਰੋਧੀ/ਗ਼ੈਰ ਕਾਨੂੰਨੀ ਵਿਹਾਰ ਲਈ ਅਨੁਸ਼ਾਸਨੀ ਕਾਰਵਾਈ ਦੀ ਸਾਧਾਰਨ ਕਾਰਜ ਵਿਧੀ ਨੂੰ ਅਮਲ ਵਿਚ ਲਿਆਉ।
- ਅਜਿਹੀਆਂ ਸਾਰੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਨਤੀਜਿਆਂ ਦਾ ਰਿਕਾਰਡ ਰਖੋ।

ਜੇ ਤਮਾਕੂਨੋਸ਼ੀ ਕਰਨ ਵਾਲਾ ਵਿਅਕਤੀ ਇਕ ਕਸਟਮਰ ਹੈ, ਤਾਂ :

- ਉਸਨੂੰ ਦੱਸੋ ਕਿ ਜੇ ਉਹ ਤਮਾਕੂਨੋਸ਼ੀ ਜਾਰੀ ਰਖੇਗਾ ਤਾਂ ਸਟਾਫ਼ ਨੂੰ ਮਜਬੂਰ ਹੋ ਕੇ ਉਸਨੂੰ ਸੇਵਾ ਮੁਹੱਈਆ ਕਰਨ ਤੋਂ ਨਾ ਕਰਨੀ ਪਵੇਗੀ।
- ਜੇ ਕਸਟਮਰ ਤਮਾਕੂਨੋਸ਼ੀ ਕਰਨਾ ਜਾਰੀ ਰਖਦਾ ਹੈ, ਤਾਂ ਉਸ ਨੂੰ ਸਥਾਨ ਤੋਂ ਚਲੇ ਜਾਣ ਲਈ ਕਹੋ (ਅਤੇ, ਜੇ ਉਚਿਤ ਹੋਵੇ, ਤਾਂ ਉਸਨੂੰ ਦੱਸੋ ਕਿ ਉਹ ਕਿੱਥੇ ਤਮਾਕੂਨੋਸੀ ਕਰ ਸਕਦਾ ਹੈ)।
- ਜੇ ਉਹ ਅਗੋਂ ਇਨਕਾਰ ਕਰ ਦਿੰਦਾ/ਦਿੰਦੀ ਹੈ, ਤਾਂ ਸਥਾਨ ’ਤੇ ਸਮਾਜ ਵਿਰੋਧੀ/ਗ਼ੈਰ ਕਾਨੂੰਨੀ ਵਿਹਾਰ ਲਈ ਆਮ ਕਾਰਜ ਵਿਧੀ ਨੂੰ ਅਮਲ ਵਿਚ ਲਿਆਉ।
- ਅਜਿਹੀਆਂ ਸਾਰੀਆਂ ਘਟਨਾਵਾਂ ਅਤੇ ਉਨ੍ਹਾਂ ਦੇ ਨਤੀਜਿਆਂ ਦਾ ਰਿਕਾਰਡ ਰਖੋ।

ਜੇ ਸਰੀਰਕ ਹਿੰਸਾ ਜਾਂ ਡਰਾਵਿਆਂ ਦੀ ਧਮਕੀ ਦਿੱਤੀ ਜਾਂਦੀ ਹੈ ਜਾਂ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਅਜਿਹੇ ਸਾਰੇ ਕੇਸਾਂ ਵਿਚ ਪੁਲੀਸ ਦੀ ਮਦਦ ਲਉ।

ਨਵੇਂ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ ਇਕ ਕੌਮੀ ਪਾਲਣਾ ਲਾਈਨ (National Compliance Line) ਕੰਮ ਕਰਨਾ ਸ਼ੁਰੂ ਕਰ ਦੇਵੇਗੀ। ਇਸ ਨੂੰ ਫ਼ੋਨ ਕੀਤੇ ਜਾਣ ’ਤੇ ਸਥਾਨਕ ਦਰ ਲਾਗੂ ਹੋਣਗੇ ਅਤੇ ਲੋਕ, ਬੰਦ ਸਰਬਜਨਕ ਥਾਵਾਂ ’ਤੇ ਤਮਾਕੂਨੋਸ਼ੀ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁਧ ਰਿਪੋਰਟ ਕਰ ਸਕਣਗੇ। ਇਸ ਲਾਈਨ ਦਾ ਨੰਬਰ ਨਵੇਂ ਕਾਨੂੰਨ ਦੇ ਲਾਗੂ ਹੋਣ ਤੋਂ ਪਹਿਲਾਂ, ਵਿਗਿਆਪਤ ਕੀਤਾ ਜਾਵੇਗਾ, ਅਤੇ ਸਾਰੀਆਂ ਸ਼ਿਕਾਇਤਾਂ ਦੀ ਜਾਂਚ ਕੀਤੀ ਜਾਵੇਗੀ।

# ਨਵਾਂ ਤਮਾਕੂਨੋਸ਼ੀ ਕਾਨੂੰਨ ਲਾਗੂ ਕਰਨਾ

ਇਹ ਕਾਨੂੰਨ ਪਰਿਆਵਰਣ ਸਿਹਤ ਅਧਿਕਾਰੀਆਂ ਵਲੋਂ ਅਮਲ ਵਿਚ ਲਿਆਂਦਾ ਜਾਏਗਾ, ਜਿਨ੍ਹਾਂ ਨੂੰ ਲੋਕਲ ਅਥਾਰਿਟੀ ਵਲੋਂ ਇਸ ਕੰਮ ਲਈ ਅਧਿਕਾਰਤ ਕੀਤਾ ਗਿਆ ਹੈ। ਇਹ ਅਧਿਕਾਰੀ ਖ਼ੁਰਾਕ ਸੁਰੱਖਿਅਤਾ ਅਤੇ ਸਿਹਤ ਅਤੇ ਸੁਰੱਖਿਅਤਾ ਦੇ ਖੇਤਰਾਂ ਵਿਚ ਪਹਿਲਾਂ ਹੀ ਬਿਜ਼ਨਸ ਵਾਲਿਆਂ ਦੇ ਗੂੜ੍ਹੇ ਸਹਿਯੋਗ ਨਾਲ ਕੰਮ ਕਰ ਰਹੇ ਹਨ। ਤਮਾਕੂਨੋਸ਼ੀ ਬਾਰੇ ਨਵਾਂ ਕਾਨੂੰਨ ਲਾਗੂ ਕਰਨ ਵਿਚ ਵੀ ਇਸੇ ਤਰ੍ਹਾਂ ਦਾ ਰਵੱਈਆ ਇਖ਼ਤਿਆਰ ਕੀਤਾ ਜਾਵੇਗਾ - ਜਿੱਥੇ ਕਿਤੇ ਸੰਭਵ ਹੋਵੇ ਬਿਜ਼ਨਸ ਵਾਲਿਆਂ ਨੂੰ ਸਲਾਹ ਅਤੇ ਸਮਰਥਨ ਪ੍ਰਦਾਨ ਕਰਨਾ।

ਕਾਨੂੰਨ ਨੂੰ ਅਮਲ ਵਿਚ ਲਿਆਉਣ ਸੰਬੰਧੀ ਅਧਿਕਾਰਤ ਅਫ਼ਸਰਾਂ ਨੂੰ ਤਮਾਕੂਨੋਸ਼ੀ ਦੀ ਮਨਾਹੀ ਵਾਲੇ ਸਥਾਨਾਂ ਵਿਚ ਜਾਣ ਦਾ ਇਖ਼ਤਿਆਰ ਹੋਵੇਗਾ, ਤਾਂ ਜੋ ਉਹ ਦੇਖ ਸਕਣ ਕਿ ਕੀ ਉਨ੍ਹਾਂ ਵਿਚ ਕਾਨੂੰਨ ਦੀ ਪਾਲਣਾ ਹੋ ਰਹੀ ਹੈ। ਉਹ ਇਹ ਵੀ ਦੇਖਣਗੇ ਕਿ ਜਿਨ੍ਹਾਂ ਵਿਅਕਤੀਆਂ ਦੇ ਹੱਥ ਵਿਚ ਇਨ੍ਹਾਂ ਸਥਾਨਾਂ ਦਾ ਕੰਟਰੋਲ ਹੈ, ਕੀ ਉਨ੍ਹਾਂ ਨੇ ਤਮਾਕੂਨੋਸ਼ੀ ਤੋਂ ਬਚਣ ਲਈ ਸਾਰੇ ਉਚਿਤ ਇਹਤਿਆਤੀ ਕਦਮ ਚੁਕੇ ਹਨ।

ਕਾਨੂੰਨ ਨੂੰ ਅਮਲ ਵਿਚ ਲਿਆਉਣ ਸੰਬੰਧੀ ਅਫ਼ਸਰਾਂ ਵਲੋਂ ਕੀਤੇ ਜਾਣ ਵਾਲੇ ਮੁਆਇਨੇ ਜਾਂ ਤਾਂ ਬਿਜ਼ਨਸ ਵਾਲਿਆਂ ਨੂੰ ਸਲਾਹ ਦੇਣ ਅਤੇ ਕਾਨੂੰਨ ਦੀ ਪਾਲਣਾ ਦੀ ਪੁਸ਼ਟੀ ਲਈ ਹੋਣਗੇ ਅਤੇ ਜਾਂ ਫਿਰ ਕਿਸੇ ਸ਼ਿਕਾਇਤ ਦੇ ਜਵਾਬ ਵਿਚ ਹੋਣਗੇ। ਇਹ ਮੁਆਇਨੇ ਸਿਹਤ ਅਤੇ ਸੁਰੱਖਿਅਤਾ ਅਤੇ ਖਾਣ ਪੀਣ ਦੀਆਂ ਵਸਤਾਂ ਸੰਬੰਧੀ ਸਫ਼ਾਈ ਦੇ ਮੁਆਇਨਿਆਂ ਦੇ ਹਿੱਸੇ ਵਜੋਂ ਵੀ ਹੋ ਸਕਦੇ ਹਨ।

ਕਾਨੂੰਨ ਨੂੰ ਅਮਲ ਵਿਚ ਲਿਆਉਣ ਸੰਬੰਧੀ ਅਫ਼ਸਰ ਕਈ ਵਖ ਵਖ ਤਰੀਕਿਆਂ ਨਾਲ ਮੁਆਇਨੇ ਕਰ ਸਕਦੇ ਹਨ, ਜਿਵੇਂ ਕਿ :

- ਅਧਿਕਾਰੀ ਸਥਾਨਾਂ ਵਿਚ ਹਾਲਤ ਦਾ ਜਾਇਜ਼ਾ ਲੈਣ ਲਈ ਜਾਣ ਤੋਂ ਪਹਿਲਾਂ ਸੂਚਿਤ ਕਰਨਗੇ; ਜਾਂ
- ਵਧੇਰੇ ਗੁੱਝੇ ਢੰਗ ਨਾਲ ਨਿਗਰਾਨੀ ਕਰਨਗੇ, ਉਹ ਹਾਲਤ ਨੂੰ ਦੇਖਣ ਪਰਖਣਗੇ ਅਤੇ ਨਿਗਰਾਨੀ ਦਾ ਸਮਾਂ ਖ਼ਤਮ ਹੋਣ 'ਤੇ ਆਪਣੀ ਸ਼ਨਾਖ਼ਤ ਦੱਸਣਗੇ।

ਇਨ੍ਹਾਂ ਅਫ਼ਸਰਾਂ ਦਾ ਹਰ ਵਕਤ ਜਤਨ ਹੋਵੇਗਾ ਕਿ ਉਹ ਟੱਕਰ ਲੈਣ ਵਾਲਾ ਵਤੀਰਾ ਨਾ ਅਪਣਾਉਣ।

# ਤਮਾਕੂਨਸ਼ੀ ਦੇ ਧੂੰਏ ਤੋਂ ਮੁਕਤ ਸਥਾਨਾਂ ਬਾਰੇ ਪਾਲਿਸੀ

ਨਵੇਂ ਕਾਨੂੰਨ ਅਤੇ ਇਸਦੇ ਨਤੀਜੇ ਵਜੋਂ ਪੈਣ ਵਾਲੇ ਸਾਰੇ ਅਸਰਾਂ ਬਾਰੇ ਜਾਣਕਾਰੀ ਦੇਣ ਲਈ, ਸਾਡੀ ਜ਼ੋਰਦਾਰ ਸਿਫ਼ਾਰਸ਼ ਹੈ ਕਿ ਤੁਸੀਂ ਤਮਾਕੂਨੋਸੀ ਦੇ ਧੂੰਏਂ ਤੋਂ ਮੁਕਤ ਸਥਾਨਾਂ ਬਾਰੇ ਇਕ ਲਿਖਤੀ ਪਾਲਿਸੀ ਤਿਆਰ ਕਰੋ ਅਤੇ ਅਮਲ ਵਿਚ ਲਿਆਉ। ਇਸ ਦੀਆਂ ਮੁੱਖ ਗੱਲਾਂ ਇਹ ਹੋਣੀਆਂ ਚਾਹੀਦੀਆਂ ਹਨ :

- ਇਹ ਪਾਲਿਸੀ ਸੰਖੇਪ ਅਤੇ ਆਸਾਨੀ ਨਾਲ ਸਮਝ ਵਿਚ ਆ ਸਕਣ ਵਾਲੀ ਹੋਵੇ।
- ਇਸ ਵਿਚ ਮੈਨੇਜਮੈਂਟ ਅਤੇ ਸਟਾਫ਼ ਦੇ ਉਨ੍ਹਾਂ ਮੈਂਬਰਾਂ ਦੀ ਨਿਸ਼ਾਨਦਹੀ ਕੀਤੀ ਜਾਵੇ, ਜੋ ਇਸ ਨੂੰ ਅਮਲ ਵਿਚ ਲਿਆਉਣ ਲਈ ਜ਼ਿੰਮੇਵਾਰ ਹਨ।
- ਇਹ ਪਾਲਿਸੀ ਦੀ ਪਾਲਣਾ ਨਾ ਕੀਤੇ ਜਾਣ ਦੀ ਹਾਲਤ ਵਿਚ ਕਾਰਜ ਵਿਧੀ ਦੱਸੇ।
- ਤਮਾਕੂਨੋਸ਼ੀ ਦੇ ਧੂੰਏਂ ਤੋ ਮੁਕਤ ਸਥਾਨਾਂ 'ਤੇ ਕੰਮ ਕਰਨ ਦੇ ਮੁਲਾਜ਼ਮਾਂ ਦੇ ਅਧਿਕਾਰ ਨੂੰ ਮੰਨੇ।
- ਇਸ ਬਾਰੇ ਜਾਣਕਾਰੀ ਦਿੱਤੀ ਜਾਵੇ ਕਿ ਤਮਾਕੂਨੋਸ਼ੀ ਛੱਡਣ ਲਈ ਸਹਾਇਤਾ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ।
- ਸਾਰੇ ਸਟਾਫ਼ ਨੂੰ ਇਸ ਪਾਲਿਸੀ ਤੋਂ ਜਾਣੂ ਕਰਵਾਇਆ ਜਾਵੇ - ਖ਼ਾਸ ਕਰਕੇ ਨਵੇਂ ਅਤੇ ਪਾਰਟ-ਟਾਈਮ ਕਰਮਚਾਰੀਆਂ ਨੂੰ ਉਨ੍ਹਾਂ ਦੀ ਮੁਲਾਜ਼ਮਤ ਸ਼ੁਰੂ ਹੋਣ ਤੋਂ ਪਹਿਲਾਂ।

ਜੇ ਪਾਲਿਸੀ ਨੂੰ ਭੰਗ ਕੀਤਾ ਜਾਂਦਾ ਹੈ, ਤਾਂ ਅਨੁਸ਼ਾਸਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਹ ਕਾਰਵਾਈ, ਸਿਹਤ ਅਤੇ ਸੁਰੱਖਿਅਤਾ ਦੇ ਹੋਰ ਮਾਮਲਿਆਂ ਵਿਚ ਉਲੰਘਣਾਵਾਂ ਦੀ ਹਾਲਤ ਵਿਚ ਅਪਣਾਈ ਜਾਂਦੀ ਕਾਰਜ ਵਿਧੀ ਨਾਲ ਮਿਲਦੀ ਜੁਲਦੀ ਹੋਣੀ ਚਾਹੀਦੀ ਹੈ। ਕਰਮਚਾਰੀਆਂ ਨੂੰ ਕੰਮਕਾਜ ਦੇ ਹਾਲਾਤ ਵਿਚ ਕਿਸੇ ਵੀ ਤਬਦੀਲੀ ਲਈ 12 ਹਫ਼ਤੇ ਦਾ ਨੋਟਿਸ ਦਿੱਤਾ ਜਾਣਾ ਚਾਹੀਦਾ ਹੈ।

ਪਾਲਿਸੀ ਵਿਚ ਕੀ ਕੀ ਸ਼ਾਮਲ ਹੋਣਾ ਚਾਹੀਦਾ ਹੈ, ਤੁਹਾਨੂੰ ਇਸ ਤੋਂ ਜਾਣੂ ਕਰਾਉਣ ਲਈ ਅਗਲੇ ਪੰਨੇ 'ਤੇ ਨਮੂਨੇ ਵਜੋਂ ਇਸਦੀ ਕਾਪੀ ਦਿੱਤੀ ਗਈ ਹੈ। ਪਾਲਿਸੀ ਦੀ ਇਕ ਖ਼ਾਲੀ ਕਾਪੀ ਵੀ ਇਸ ਪੈਕ ਵਿਚ ਨੱਥੀ ਹੈ। ਇਸ ਨੂੰ ਭਰ ਕੇ ਤੁਸੀਂ ਆਪਣੇ ਕਾਰੋਬਾਰ ਜਾਂ ਸੰਗਠਨ ਵਿਚ ਵਰਤੋਂ ਵਿਚ ਲਿਆ ਸਕਦੇ ਹੋ।

ਸਕਾਟਿਸ਼ ਸੈਂਟਰ ਫ਼ੌਰ ਹੈਲਦੀ ਵਰਕਿੰਗ ਲਾਈਵਜ਼ (Scottish Centre for Healthy Working Lives) (ਨਰੋਏ ਕਾਰਜੀ ਜੀਵਨ ਸੰਬੰਧੀ ਸਕਾਟਿਸ਼ ਸੈਂਟਰ) ਜਿਸ ਵਿਚ ਸਕਾਟਲੈਂਡ ਦੇ ਕਾਰਜ ਸਥਾਨਾਂ 'ਤੇ ਸਿਹਤ (Scotland's Health at Work) ਸ਼ਾਮਲ ਹੈ, ਵੀ ਤੁਹਾਨੂੰ ਪਾਲਿਸੀ ਤਿਆਰ ਕਰਨ ਵਿਚ ਮਦਦ ਦੇ ਸਕਦਾ ਹੈ। ਹੋਰ ਜਾਣਕਾਰੀ ਲਈ ਤੁਸੀਂ ਕੌਮੀ ਹੈਲਪਲਾਈਨ ਨੂੰ 0800 019 2211 'ਤੇ ਫ਼ੋਨ ਕਰ ਸਕਦੇ ਹੋ ਜਾਂ ਵੈੱਬਸਾਈਟ www.healthyworkinglives.com 'ਤੇ ਲੌਗਆੱਨ ਕਰੋ।

# ਤਮਾਨੂੰਨੋਸ਼ੀ ਦੇ ਧੂੰਏਂ ਤੋਂ ਮੁਕਤ ਸਥਾਨਾਂ ਬਾਰੇ ਪਾਲਿਸੀ

## ਮਕਸਦ

ਇਹ ਪਾਲਿਸੀ ਸਾਰੇ ਕਰਮਚਾਰੀਆਂ, ਸੇਵਾ ਦੇ ਵਰਤੋਂਕਾਰਾਂ, ਕਸਟਮਰਾਂ ਅਤੇ ਮਿਲਣ ਆਉਣ ਵਾਲਿਆਂ ਦਾ ਕਿਸੇ ਵਲੋਂ ਤਮਾਕੂਨੋਸ਼ੀ ਦੇ ਨਤੀਜੇ ਵਜੋਂ ਛੱਡੇ ਜਾਣ ਵਾਲੇ ਧੂੰਏਂ ਤੋਂ ਬਚਾਅ ਕਰਨ ਅਤੇ ਤਮਾਕੂਨੋਸ਼ੀ, ਸਿਹਤ ਅਤੇ ਸੋਸ਼ਲ ਦੇਖਭਾਲ (ਸਕਾਟਲੈਂਡ) ਐਕਟ 2005 [Smoking, Health and Social Care (Scotland) Act 2005] ਦੀ ਪਾਲਣਾ ਵਿਚ ਸਹਾਇਤਾ ਦੇਣ ਲਈ ਤਿਆਰ ਕੀਤੀ ਗਈ ਹੈ।

ਕਿਸੇ ਵਲੋਂ ਤਮਾਕੂਨੋਸੀ ਦੇ ਨਤੀਜੇ ਵਜੋਂ ਛੱਡੇ ਜਾਣ ਵਾਲੇ ਧੂੰਏਂ ਦਾ ਦੂਜਿਆਂ ਦੇ ਸਾਹ ਰਾਹੀਂ ਅੰਦਰ ਜਾਣ, ਜਿਸ ਨੂੰ ਪੈਸਿਵ ਸਮੋਕਿੰਗ ਵੀ ਕਿਹਾ ਜਾਂਦਾ ਹੈ, ਨਾਲ ਫੇਫੜਿਆਂ ਦੇ ਕੈਂਸਰ, ਦਿਲ ਦੀ ਬੀਮਾਰੀ ਅਤੇ ਹੋਰ ਬੀਮਾਰੀਆਂ ਦਾ ਜੋਖਮ ਵਧ ਜਾਂਦਾ ਹੈ। ਹਵਾ ਦੇ ਖੁਲ੍ਹੀ ਤਰ੍ਹਾਂ ਆਉਣ ਜਾਣ ਦੇ ਪ੍ਰਬੰਧਾਂ ਜਾਂ ਤਮਾਕੂਨੋਸ਼ੀ ਕਰਨ ਵਾਲਿਆਂ ਅਤੇ ਨਾ ਕਰਨ ਵਾਲਿਆਂ ਨੂੰ ਇਕ ਹੀ ਹਵਾ ਖੇਤਰ ਵਿਚ ਇਕ ਦੂਜੇ ਤੋਂ ਵਖ ਰਖਣ ਨਾਲ ਸੰਭਾਵੀ ਖ਼ਤਰਨਾਕ ਅਸਰ ਪੈਣ ਨੂੰ ਪੂਰੀ ਤਰ੍ਹਾਂ ਨਹੀਂ ਰੋਕਿਆ ਜਾ ਸਕਦਾ।

## ਪਾਲਿਸੀ

[ਕਾਰੋਬਾਰ ਦਾ ਨਾਂਅ ਲਿਖੋ] ਦੀ ਇਹ ਪਾਲਿਸੀ ਹੈ ਕਿ ਸਾਡੇ ਸਾਰੇ ਕਾਰਜ ਸਥਾਨ ਤਮਾਕੂ ਦੇ ਧੂੰਏਂ ਤੋਂ ਮੁਕਤ ਹੋਣ ਅਤੇ ਸਾਰੇ ਕਰਮਚਾਰੀਆਂ ਨੂੰ ਤਮਾਕੂ ਦੇ ਧੂੰਏਂ ਤੋਂ ਮੁਕਤ ਆਲੇ ਦਆਲੇ ਵਿਚ ਕੰਮ ਕਰਨ ਦਾ ਅਧਿਕਾਰ ਹੈ। ਇਹ ਪਾਲਿਸੀ [ਤਾਰੀਖ਼] ਤੋਂ ਲਾਗੂ ਹੋਵੇਗੀ ਅਤੇ [ਨਾਂਅ] ਵਲੋਂ [ਤਾਰੀਖ਼] ਨੂੰ ਇਸ 'ਤੇ ਨਜ਼ਰਸਾਨੀ ਕੀਤੀ ਜਾਵੇਗੀ।

ਸਮੁੱਚੇ ਕਾਰਜ ਸਥਾਨ 'ਤੇ, ਬਿਨਾਂ ਕਿਸੇ ਅਪਵਾਦ ਦੇ, ਤਮਾਕੂਨੋਸ਼ੀ ਦੀ ਮਨਾਹੀ ਹੈ। ਇਸ ਵਿਚ ਕੰਪਨੀ ਦੇ ਵਾਹਣ ਵੀ ਸ਼ਾਮਲ ਹਨ। ਇਹ ਪਾਲਿਸੀ ਸਾਰੇ ਕਰਮਚਾਰੀਆਂ, ਕਨਸਲਟੈਂਟਾਂ, ਕਾਨਟਰੈਕਟਰਾਂ, ਕਸਟਮਰਾਂ ਜਾਂ ਮੈਂਬਰਾਂ ਅਤੇ ਮਿਲਣ ਲਈ ਆਉਣ ਵਾਲਿਆਂ 'ਤੇ ਲਾਗੂ ਹੁੰਦੀ ਹੈ।

[ਜੇ ਕੋਈ ਅਜਿਹੇ ਬਾਹਰਵਾਰਲੇ ਖੇਤਰ ਹਨ, ਜਿੱਥੇ ਕਰਮਚਾਰੀ ਅਤੇ ਕਸਟਮਰ ਤਮਾਕੂਨੋਸ਼ੀ ਕਰ ਸਕਦੇ ਹਨ, ਤਾਂ ਇਹ ਕਾਨੂੰਨ ਦੇ ਅਨੁਕੂਲ ਹੋਣੇ ਚਾਹੀਦੇ ਹਨ ਅਤੇ ਇਨ੍ਹਾਂ ਦੀ ਰੂਪਰੇਖਾ ਹੇਠਾਂ ਦਿੱਤੀ ਜਾ ਸਕਦੀ ਹੈ]

## ਅਮਲਦਰਾਮਦ

ਪਾਲਿਸੀ ਨੂੰ ਅਮਲ ਵਿਚ ਲਿਆਉਣ ਅਤੇ ਇਸ 'ਤੇ ਨਜ਼ਰਸਾਨੀ ਕਰਨ ਦੀ ਸਮੁੱਚੀ ਜ਼ਿੰਮੇਵਾਰੀ [ਨਾਂਅ (ਮੈਨੇਜਰ ਜਾਂ ਉਹ ਵਿਅਕਤੀ ਜਿਸ ਦੇ ਹੱਥ ਵਿਚ ਸਥਾਨ ਦਾ ਕੰਟਰੋਲ ਹੈ)] ਦੀ ਹੈ। ਸਾਰੇ ਸਟਾਫ਼ ਲਈ ਇਹ ਜ਼ਰੂਰੀ ਹੈ ਕਿ ਉਹ ਇਸ ਪਾਲਿਸੀ ਦੀ ਪਾਲਣਾ ਕਰੇ ਅਤੇ ਇਸਨੂੰ ਅਮਲ ਵਿਚ ਲਿਆਂਦੇ ਜਾਣ ਨੂੰ ਸਹਿਲ ਬਣਾਏ।

ਉਪਰੋਕਤ ਵਿਅਕਤੀ ਸਾਰੇ ਮੌਜੂਦਾ ਮੁਲਾਜ਼ਮਾਂ, ਕਨਸਲਟੈਂਟਾਂ ਅਤੇ ਕਾਨਟਰੈਕਟਰਾਂ ਨੂੰ ਇਸ ਪਾਲਿਸੀ ਤੋਂ ਅਤੇ ਇਸ 'ਤੇ ਅਮਲ ਅਤੇ ਨਿਗਰਾਨੀ ਵਿਚ ਉਨ੍ਹਾਂ ਦੀ ਭੂਮਿਕਾ ਤੋਂ ਸੂਚਿਤ ਕਰੇਗਾ। ਉਹ ਸਾਰੇ ਨਵੇਂ ਕਰਮਚਾਰੀਆਂ ਨੂੰ ਭਰਤੀ/ਪ੍ਰਵੇਸ਼ ਦੇ ਮੌਕੇ 'ਤੇ ਇਸ ਪਾਲਿਸੀ ਦੀ ਕਾਪੀ ਵੀ ਦੇਵੇਗਾ।

'ਤਮਾਕੂਨੋਸ਼ੀ ਨਾ ਕਰੋ' ਦੇ ਢੁਕਵੇਂ ਸੰਕੇਤ ਕਾਰਜ ਸਥਾਨ ਦੇ ਪ੍ਰਵੇਸ਼ ਦਵਾਰ 'ਤੇ ਅਤੇ ਅੰਦਰ ਸਪੱਸ਼ਟ ਰੂਪ ਵਿਚ ਪ੍ਰਦਰਸ਼ਤ ਕੀਤੇ ਜਾਣਗੇ।

## ਪਾਲਣਾ ਨਾ ਕੀਤੇ ਜਾਣ 'ਤੇ

ਜੇ ਸਟਾਫ਼ ਦਾ ਕੋਈ ਮੈਂਬਰ ਇਸ ਪਾਲਿਸੀ ਦੀ ਪਾਲਣਾ ਨਹੀਂ ਕਰਦਾ, ਤਾਂ ਅਨੁਸ਼ਾਸਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਜੇ ਕੋਈ ਕਸਟਮਰ, ਮਿਲਣ ਆਇਆ ਵਿਅਕਤੀ ਜਾਂ ਮੁਸਾਫ਼ਰ ਇਸਦੀ ਪਾਲਣਾ ਨਹੀਂ ਕਰਦਾ, ਤਾਂ ਪੰਨਾ 12 'ਤੇ ਦੱਸੀ ਗਈ ਕਾਰਜ ਵਿਧੀ ਅਪਨਾਈ ਜਾਣੀ ਚਾਹਦੀ ਹੈ। ਤਮਾਕੂਨੋਸ਼ੀ ਬਾਰੇ ਕਾਨੂੰਨ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਨਿਸਚਤ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਸੰਭਵ ਤੌਰ 'ਤੇ ਅਪਰਾਧਕ ਮੁਕੱਦਮਾ ਚਲਾਇਆ ਜਾ ਸਕਦਾ ਹੈ।

## ਤਮਾਕੂਨੋਸ਼ੀ ਬੰਦ ਕਰਨ ਵਿਚ ਸਹਾਇਤਾ

ਤਮਾਕੂਨੋਸ਼ੀ ਕਰਨ ਵਾਲੇ ਜਿਹੜੇ ਵਿਅਕਤੀ ਇਸ ਨੂੰ ਛਡਣਾ ਚਾਹੁੰਦੇ ਹੋਣਗੇ, ਉਨ੍ਹਾਂ ਨੂੰ ਸਮਰਥਨ ਦਿੱਤਾ ਜਾਵੇਗਾ।[ਇੱਥੇ ਸਥਾਨਕ ਵੇਰਵੇ ਦਿਉ]

ਸਮਰਥਨ ਦੇ ਸਰੋਤ ਹਨ : ਸਮੋਕਲਾਈਨ (Smokeline) 0800 848484, www.hebs.com/tobacco, ਤੁਹਾਡੇ ਲੋਕਲ NHS ਬੋਰਡ (NHS Board) ਦਾ ਲੋਕ-ਸਿਹਤ ਵਿਭਾਗ (Public Health Department), ਜਾਂ ਤੁਹਾਡੀ ਸਥਾਨਕ ਜੀ.ਪੀ. ਸਰਜਰੀ। ਸੰਪਰਕ ਵੇਰਵੇ ਤੁਹਾਡੀ ਸਥਾਨਕ ਡਾਇਰੈਕਟਰੀ ਵਿਚ ਮਿਲ ਸਕਦੇ ਹਨ।

# ਅੰਤਿਕਾ A

## ਤਮਾਕੂਨੋਸ਼ੀ, ਸਿਹਤ ਅਤੇ ਸੋਸ਼ਲ ਦੇਖਭਾਲ (ਸਕਾਟਲੈਂਡ) ਐਕਟ 2005 [THE SMOKING, HEALTH AND SOCIAL CARE (SCOTLAND) ACT 2005]
## ਕੁਝ ਕਾਰਜ ਸਥਾਨਾਂ (ਸਕਾਟਲੈਂਡ) ਵਿਚ ਤਮਾਕੂਨੋਸ਼ੀ ਦੀ ਮਨਾਹੀ ਬਾਰੇ ਨਿਯਮ 2006 [PROHIBITION OF SMOKING IN CERTAIN PREMISES (SCOTLAND) REGULATIONS 2006]

ਤਮਾਕੂਨੋਸ਼ੀ, ਸਿਹਤ ਅਤੇ ਸ਼ੋਸ਼ਲ ਦੇਖਭਾਲ (ਸਕਾਟਲੈਂਡ) ਐਕਟ 2005 [the Smoking, Health and Social Care (Scotland) Act 2005] ਦੇ ਪਾਰਟ 1 ਵਿਚ ਕੁਝ ਪੂਰੀ ਤਰ੍ਹਾਂ ਜਾਂ ਕਾਫ਼ੀ ਹਦ ਤਕ ਬੰਦ ਸਥਾਨਾਂ 'ਤੇ ਤਮਾਕੂਨੋਸ਼ੀ ਦੀ ਮਨਾਹੀ ਹੈ। ਇਸ ਵਿਚ ਐਕਟ ਦੇ ਤਹਿਤ ਅਪਰਾਧਾਂ, ਨਾ-ਤਾਮੀਲੀ ਲਈ ਸਜ਼ਾਵਾਂ, ਤਮਾਕੂਨੋਸ਼ੀ ਨਾ ਕਰੋ ਨੋਟਿਸਾਂ ਦੇ ਪ੍ਰਦਰਸ਼ਨ ਦੀਆਂ ਜ਼ਰੂਰਤਾਂ ਦਾ ਵਰਣਨ ਹੈ ਅਤੇ ਇਸ ਵਿਚ ਕਾਨੂੰਨ ਨੂੰ ਲਾਗੂ ਕਰਨ ਲਈ ਸੰਬੰਧਤ ਕੌਂਸਲ ਦੇ ਅਧਿਕਾਰਤ ਅਫ਼ਸਰਾਂ ਨੂੰ ਇਖ਼ਤਿਆਰ ਦਿੱਤੇ ਗਏ ਹਨ।

ਕੁਝ ਸਥਾਨਾਂ 'ਤੇ ਤਮਾਕੂਨੋਸ਼ੀ ਦੀ ਮਨਾਹੀ (ਸਕਾਟਲੈਂਡ) ਬਾਰੇ ਨਿਯਮ 2006 [Prohibition of Smoking in Certain Premises (Scotland) Regulations 2006], ਜੋ ਐਕਟ ਅਧੀਨ ਬਣਾਏ ਗਏ ਹਨ, ਵਿੱਚ ਦੱਸਿਆ ਗਿਆ ਹੈ ਕਿ ਕਿਹੜੇ ਸਥਾਨਾਂ 'ਤੇ ਤਮਾਕੂਨੋਸ਼ੀ ਦੀ ਮਨਾਹੀ ਹੋਵੇਗੀ ਅਤੇ ਕਿਹੜੇ ਸਥਾਨਾਂ (ਜਾਂ ਇਨ੍ਹਾਂ ਦੇ ਹਿੱਸਿਆਂ) ਨੂੰ ਇਸ ਤੋਂ ਛੋਟ ਪ੍ਰਾਪਤ ਹੋਵੇਗੀ। ਇਨ੍ਹਾਂ ਵਿਚ ਤਮਾਕੂਨੋਸ਼ੀ ਨਾ ਕਰਨ ਬਾਰੇ ਨੋਟਿਸਾਂ ਦੇ ਪ੍ਰਦਰਸ਼ਨ ਸੰਬੰਧੀ ਹੋਰ ਪ੍ਰਾਵਧਾਨ ਵੀ ਹਨ।

ਐਕਟ ਅਤੇ ਨਿਯਮਾਂ ਦੀ ਕਾਪੀ www.clearingtheairscotland.com ਤੋਂ ਜਾਂ ਸਕਾਟਿਸ਼ ਐਗਜ਼ੈਕਟਿਵ ਦੀ ਤਮਾਕੂ ਕੰਟਰੋਲ ਟੀਮ (Scottish Executive's Tobacco Control Team) ਨਾਲ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ (ਸੰਪਰਕ ਵੇਰਵੇ ਪਿਛਲੇ ਕਵਰ 'ਤੇ ਦਿੱਤੇ ਗਏ ਹਨ)।

ਕਾਰੋਬਾਰ ਵਾਲਿਆਂ ਵਲੋਂ ਅਕਸਰ ਪੁੱਛੇ ਜਾਂਦੇ ਸਵਾਲ ਅਤੇ ਉਨ੍ਹਾਂ ਦੇ ਜਵਾਬ ਵੀ ਵੈਬਸਾਈਟ 'ਤੇ ਉਪਲਬਧ ਹਨ। ਪਰ ਜੇ ਤੁਹਾਡਾ ਸਵਾਲ ਇਨ੍ਹਾਂ ਵਿਚ ਸ਼ਾਮਲ ਨਹੀਂ, ਤਾਂ ਤੁਸੀਂ ਹੋਰ ਜਾਣਕਾਰੀ ਹਾਸਲ ਕਰਨ ਲਈ ਈ-ਮੇਲ ਭੇਜ ਸਕਦੇ ਹੋ।

ਕੁਝ ਸੰਬੰਧਤ ਪਰਿਭਾਸ਼ਾਵਾਂ, ਜਿਵੇਂ ਕਿ ਇਸ ਐਕਟ ਜਾਂ ਨਿਯਮਾਂ ਵਿਚ ਦਰਜ ਹਨ, ਹੇਠਾਂ ਦਿੱਤੀਆਂ ਗਈਆਂ ਹਨ :

'ਤਮਾਕੂਨੋਸ਼ੀ ਦੀ ਮਨਾਹੀ ਵਾਲੇ ਸਥਾਨ' - ਇਹ ਉਹ ਸਥਾਨ ਹਨ, ਜੋ ਪੂਰੀ ਤਰ੍ਹਾਂ ਜਾਂ ਕਾਫ਼ੀ ਹੱਦ ਤਕ ਬੰਦ ਹਨ ਅਤੇ ਇਹ ਤਮਾਕੂਨੋਸੀ ਬਾਰੇ ਨਿਯਮਾਂ ਦੇ ਸ਼ਿਡਿਊਲ 1 ਵਿਚ ਦਰਜ ਹਨ (ਇਨ੍ਹਾਂ ਦੀ ਲਿਸਟ ਅੰਤਿਕਾ B ਵਿਚ ਦਿੱਤੀ ਗਈ ਹੈ)। ਇਨ੍ਹਾਂ 'ਤੇ ਸ਼ਿਡਿਊਲ 2 ਵਿਚ ਦਿੱਤੀਆਂ ਛੋਟਾਂ ਲਾਗੂ ਹੁੰਦੀਆਂ ਹਨ (ਅੰਤਿਕਾ C ਵਿਚ ਦਰਜ)।

ਜਿਹੜੇ ਸਥਾਨ ਨਿਯਮਾਂ ਅਨੁਸਾਰ 'ਤਮਾਕੂਨੋਸ਼ੀ ਦੀ ਮਨਾਹੀ ਵਾਲੇ ਸਥਾਨ' ਕਹੇ ਜਾ ਸਕਦੇ ਹਨ, ਉਹ ਸਥਾਨਾਂ ਦੇ 4 ਵਰਗਾਂ ਵਿਚੋਂ ਇਕ ਤਕ ਸੀਮਤ ਹਨ। ਇਹ ਵਰਗ ਹਨ :

- ਉਹ ਸਥਾਨ, ਜਿਨ੍ਹਾਂ ਤਕ ਆਮ ਲੋਕਾਂ ਨੂੰ ਜਾਂ ਉਨ੍ਹਾਂ ਦੇ ਇਕ ਹਿੱਸੇ ਨੂੰ ਪਹੁੰਚ ਪ੍ਰਾਪਤ ਹੈ;
- ਉਹ ਸਥਾਨ ਜੋ ਪੂਰੀ ਤਰ੍ਹਾਂ ਜਾਂ ਮੁੱਖ ਤੌਰ 'ਤੇ ਇਕ ਕਾਰਜ ਸਥਾਨ ਵਜੋਂ ਵਰਤੇ ਜਾ ਰਹੇ ਹਨ;
- ਉਹ ਸਥਾਨ ਜੋ ਇਕ ਕਲੱਬ ਜਾਂ ਕਿਸੇ ਹੋਰ ਸਭਾ ਜੋ ਨਿਗਮਿਤ ਨਹੀਂ, ਵਲੋਂ ਅਤੇ ਉਸਦੇ ਮਨੋਰਥਾਂ ਲਈ ਵਰਤੇ ਜਾ ਰਹੇ ਹਨ; ਜਾਂ
- ਉਹ ਸਥਾਨ ਜੋ ਪੂਰੀ ਤਰ੍ਹਾਂ ਜਾਂ ਮੁੱਖ ਤੌਰ 'ਤੇ ਵਿਦਿਆ, ਸਿਹਤ ਜਾਂ ਦੇਖਭਾਲ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਵਰਤੇ ਜਾ ਰਹੇ ਹਨ।

'ਸਮੋਕ' (Smoke) ਦਾ ਮਤਲਬ ਹੈ ਤਮਾਕੂ, ਕੋਈ ਅਜਿਹਾ ਪਦਾਰਥ ਜਾਂ ਮਿਸ਼ਰਣ, ਜਿਸ ਵਿਚ ਤਮਾਕੂ ਹੋਵੇ, ਜਾਂ ਕੋਈ ਹੋਰ ਪਦਾਰਥ ਜਾਂ ਮਿਸ਼ਰਣ ਸਮੋਕ ਕਰਨਾ; ਅਤੇ ਕਿਸੇ ਵਿਅਕਤੀ ਨੂੰ ਉਸ ਹਾਲਤ ਵਿਚ ਤਮਾਕੂਨੋਸ਼ੀ ਕਰਦਾ ਕਿਹਾ ਜਾ ਸਕਦਾ ਹੈ, ਜਦੋਂ ਉਸਦੇ ਹੱਥ ਵਿਚ ਸੁਲਗਦਾ ਹੋਇਆ ਤਮਾਕੂ ਜਾਂ ਕੋਈ ਹੋਰ ਸੁਲਗਦੀ ਹੋਈ ਸਮੱਗਰੀ ਉਸਦੇ ਕਬਜ਼ੇ ਜਾਂ ਕੰਟਰੋਲ ਹੇਠ ਹੋਵੇ, ਜਾਂ ਕੋਈ ਹੋਰ ਸੁਲਗਦਾ ਹੋਇਆ ਪਦਾਰਥ ਜਾਂ ਮਿਸ਼ਰਣ ਜਿਸ ਵਿਚ ਤਮਾਕੂ ਹੋਏ ਜਾਂ ਕੋਈ ਹੋਰ ਸੁਲਗਦਾ ਹੋਇਆ ਪਦਾਰਥ ਜਾਂ ਮਿਸ਼ਰਣ ਜੋ ਅਜਿਹੇ ਰੂਪ ਵਿਚ ਜਾਂ ਕਿਸੇ ਅਜਿਹੇ ਪਾਤਰ ਵਿਚ ਹੋਵੇ, ਕਿ ਇਸ ਨੂੰ ਸਮੋਕ ਕੀਤਾ ਜਾ ਸਕਦਾ ਹੋਵੇ।

ਐਕਟ ਦੇ ਸੈਕਸਨ 4(2) ਦੇ ਮਨੋਰਥਾਂ ਲਈ :

(a) 'ਸਥਾਨ' ਵਿਚ ਸ਼ਾਮਲ ਹੈ –

- (i) ਕੋਈ ਇਮਾਰਤ ਜਾਂ ਇਮਾਰਤ ਦਾ ਹਿੱਸਾ;
- (ii) ਕੋਈ ਢਾਂਚਾ ਜਾਂ ਢਾਂਚੇ ਦਾ ਹਿੱਸਾ, ਭਾਵੇਂ ਇਹ ਚਲ-ਢਾਂਚਾ ਹੋਵੇ ਜਾਂ ਅਚੱਲ;
- (iii) ਜ਼ਮੀਨ 'ਤੇ ਜਾਂ ਸਾਹਿਲ ਤੋਂ ਪਰ੍ਹਾਂ ਕਰਕੇ ਕੋਈ ਇਨਸਟਾਲੇਸ਼ਨ;
- (iv) ਕੋਈ ਤੰਬੂ, ਸ਼ਾਮਿਆਨਾ ਜਾਂ ਸਟਾਲ; ਅਤੇ
- (v) ਕੋਈ ਵਾਹਣ।

(b) 'ਪੂਰੀ ਤਰ੍ਹਾਂ ਬੰਦ' ਤੋਂ ਭਾਵ ਹੈ –

- (i) ਵਾਹਣ ਜਾਂ ਵਾਹਣ ਦੇ ਹਿੱਸੇ ਨੂੰ ਛਡ ਕੇ ਕੋਈ ਅਜਿਹਾ ਸਥਾਨ ਜਿਸ ਉੱਪਰ ਛੱਤ ਹੋਵੇ ਅਤੇ, ਦਰਵਾਜ਼ਿਆਂ, ਖਿੜਕੀਆਂ ਅਤੇ ਲਾਂਘਿਆਂ ਨੂੰ ਛਡਕੇ ਪੂਰੀ ਤਰ੍ਹਾਂ ਬੰਦ ਹੋਵੇ, ਭਾਵੇ ਸਥਾਈ ਤੌਰ 'ਤੇ ਜਾਂ ਆਰਜ਼ੀ ਤੌਰ 'ਤੇ; ਜਾਂ
- (ii) ਕੋਈ ਵਾਹਣ ਜਾਂ ਵਾਹਣ ਦਾ ਹਿੱਸਾ, ਜਿਸ ਉੱਪਰ ਛੱਤ ਹੋਵੇ, ਅਤੇ ਦਰਵਾਜ਼ਿਆਂ, ਖਿੜਕੀਆਂ ਅਤੇ ਲਾਂਘਿਆਂ ਨੂੰ ਛਡਕੇ, ਪੂਰੀ ਤਰ੍ਹਾਂ ਬੰਦ ਹੋਵੇ, ਭਾਵੇਂ ਸਥਾਈ ਤੌਰ 'ਤੇ ਜਾਂ ਆਰਜ਼ੀ ਤੌਰ 'ਤੇ।

(c) 'ਕਾਫ਼ੀ ਹੱਦ ਤਕ ਬੰਦ' ਤੋਂ ਭਾਵ ਹੈ –

- (i) ਵਾਹਣ ਜਾਂ ਵਾਹਣ ਦੇ ਹਿੱਸੇ ਨੂੰ ਛਡਕੇ ਕੋਈ ਅਜਿਹਾ ਸਥਾਨ, ਜਿਸ ਉੱਪਰ ਛੱਤ ਹੋਵੇ ਅਤੇ ਦਰਵਾਜ਼ਿਆਂ, ਖਿੜਕੀਆਂ ਅਤੇ ਲਾਂਘਿਆਂ ਨੂੰ ਛਡਕੇ, ਕਾਫ਼ੀ ਹਦ ਤਕ ਬੰਦ ਹੋਵੇ, ਭਾਵੇਂ ਸਥਾਈ ਤੌਰ 'ਤੇ ਜਾਂ ਆਰਜ਼ੀ ਤੌਰ 'ਤੇ; ਜਾਂ
- (ii) ਕੋਈ ਵਾਹਣ, ਜਾਂ ਵਾਹਣ ਦਾ ਹਿੱਸਾ, ਜਿਸ ਉੱਪਰ ਛੱਤ ਹੋਵੇ ਅਤੇ ਜੋ ਦਰਵਾਜ਼ਿਆਂ, ਖਿੜਕੀਆਂ ਅਤੇ ਨਿਕਾਸ ਮਾਰਗਾਂ ਨੂੰ ਛਡਕੇ ਕਾਫ਼ੀ ਹੱਦ ਤਕ ਬੰਦ ਹੋਵੇ, ਭਾਵੇਂ ਸਥਾਈ ਤੌਰ 'ਤੇ ਜਾਂ ਆਰਜ਼ੀ ਤੌਰ 'ਤੇ, ਅਤੇ ਇਹ ਨਿਰਧਾਰਤ ਕਰਨ ਲਈ ਕਿ ਕੀ ਇਹ 'ਕਾਫ਼ੀ ਹੱਦ ਤਕ ਬੰਦ ਹੈ', ਉਨ੍ਹਾਂ ਵਿੱਥਾਂ ਨੂੰ ਧਿਆਨ ਵਿਚ ਨਹੀਂ ਲਿਆ ਜਾਣਾ ਚਾਹੀਦਾ, ਜਿਨ੍ਹਾਂ ਵਿਚ ਦਰਵਾਜ਼ੇ, ਖਿੜਕੀਆਂ ਅਤੇ ਹੋਰ ਫ਼ਿਟਿੰਗਜ਼ ਹੋਣ, ਜਿਨ੍ਹਾਂ ਨੂੰ ਖੋਲ੍ਹਿਆ ਜਾ ਸਕੇ ਜਾਂ ਬੰਦ ਕੀਤਾ ਜਾ ਸਕੇ।

(d) ਸਥਾਨਾਂ ਨੂੰ 'ਕਾਫ਼ੀ ਹੱਦ ਤਕ ਬੰਦ' ਸਮਝਿਆ ਜਾਵੇਗਾ, ਜੇ –

- (i) ਸਥਾਨ ਵਿਚ ਇਸ ਖੁਲ੍ਹੀ ਵਿਥ ਦਾ ਰਕਬਾ ਹੋਵੇ; ਜਾਂ
- (ii) ਜੇ ਅਜਿਹੀਆਂ ਇਕ ਤੋਂ ਵਧ ਵਿੱਥਾਂ ਹੋਣ, ਅਤੇ ਦੋਵਾਂ ਜਾਂ ਸਾਰੀਆਂ ਅਜਿਹੀਆਂ ਵਿਥਾਂ ਦਾ ਕੁਲ ਰਕਬਾ, ਸਥਾਨ ਦੁਆਲੇ ਵਲਗਣ ਵਾਲੀਆਂ ਕੰਧਾਂ ਵਾਲੇ ਹਿੱਸੇ ਜਾਂ ਕਿਸੇ ਅਜਿਹੇ ਢਾਂਚੇ, ਜੋ ਕੰਧਾਂ ਦਾ ਕੰਮ ਦਿੰਦਾ ਹੋਵੇ, ਵਾਲੇ ਹਿੱਸੇ ਦੇ ਅੱਧ ਤੋਂ ਘਟ ਹੋਵੇ।

(e) ਜਿੱਥੇ ਕਿਸੇ ਦੀਵਾਰ ਜਾਂ ਹੋਰ ਢਾਂਚਿਆਂ ਵਿੱਚ ਜਾਂ ਉਨ੍ਹਾਂ ਦੇ ਕਿਸੇ ਹਿੱਸੇ ਵਿੱਚ ਵਿਥ ਹੋਵੇ, ਜਾਂ ਇਹੋ ਜਹੀ ਕੋਈ ਦੀਵਾਰ ਜਾਂ ਕੋਈ ਢਾਂਚਾ ਨਾ ਵੀ ਹੋਵੇ ਅਤੇ ਖ਼ਾਲੀ ਥਾਂ ਹੋਵੇ, ਤਾਂ ਉਨ੍ਹਾਂ ਦਾ ਰਕਬਾ ਪੈਰਾ (d) ਦੇ ਮਨੋਰਥਾਂ ਲਈ ਇਸ ਤਰ੍ਹਾਂ ਮਾਪਿਆ ਜਾਵੇਗਾ, ਜਿਵੇਂ ਵਿਥ ਦਾ ਰਕਬਾ ਉਨ੍ਹਾਂ ਵਿਚ ਸ਼ਾਮਲ ਹੋਵੇ; ਅਤੇ

(f) 'ਪਹੁੰਚ ਰਖਦਾ ਹੈ' ਦਾ ਮਤਲਬ ਹੈ ਕਿ ਉਹ ਰਕਮ ਅਦਾ ਕਰਕੇ ਜਾਂ ਉਂਜ ਹੀ ਪਹੁੰਚ ਰਖਦਾ ਹੋਵੇ ਅਤੇ ਭਾਵੇਂ ਉਸ ਨੂੰ ਇਹਦੇ ਲਈ ਹੱਕ ਪ੍ਰਾਪਤ ਹੋਵੇ ਜਾਂ ਸਪਸ਼ਟ ਤੌਰ 'ਤੇ ਜਾਂ ਨਿਹਿਤ ਇਜਾਜ਼ਤ ਹੋਵੇ।

ਛੋਟ ਵਾਲੇ ਸਥਾਨਾਂ (ਦੇਖੋ ਅੰਤਿਕਾ C) ਦੇ ਸੰਬੰਧ ਵਿਚ, ਨਿਯਮਾਂ ਵਿਚ ਹੇਠ ਲਿੱਖੀਆਂ ਪਰਿਭਾਸ਼ਾਵਾਂ ਵੀ ਦਿੱਤੀਆਂ ਗਈਆਂ ਹਨ :

'ਮਨੋਨੀਤ ਕਮਰੇ' ਤੋਂ ਭਾਵ ਉਹ ਕਮਰਾ ਹੈ –

- (a) ਜੋ ਉਸ ਵਿਅਕਤੀ ਵਲੋਂ, ਜਿਸਦੇ ਹੱਥ ਵਿਚ ਤਮਾਕੂਨੋਸ਼ੀ ਦੀ ਮਨਾਹੀ ਵਾਲੇ ਸੰਬੰਧਤ ਸਥਾਨ ਦਾ ਪ੍ਰਬੰਧ ਜਾਂ ਕੰਟਰੋਲ ਹੋਵੇ, ਅਜਿਹੇ ਕਮਰੇ ਵਜੋਂ ਨਿਰਧਾਰਤ ਕੀਤਾ ਗਿਆ ਹੋਵੇ, ਜਿਸ ਵਿਚ ਤਮਾਕੂਨੋਸ਼ੀ ਦੀ ਆਗਿਆ ਹੈ;
- (b) ਜਿਸ ਉੱਪਰ ਛੱਤ ਹੋਵੇ ਅਤੇ ਦਰਵਾਜ਼ਿਆਂ ਅਤੇ ਖਿੜਕੀਆਂ ਨੂੰ ਛਡਕੇ, ਫ਼ਰਸ਼ ਤੋਂ ਲੈ ਕੇ ਛੱਤ ਤਕ ਨਿਗਰ ਕੰਧਾਂ ਹੋਣ ਕਰਕੇ ਸਾਰੇ ਪਾਸਿਆਂ ਤੋਂ ਪੂਰੀ ਤਰ੍ਹਾਂ ਬੰਦ ਹੋਵੇ;
- (c) ਜਿਸ ਵਿਚ ਹਵਾ ਦੇ ਆਉਣ ਜਾਣ ਦਾ ਪ੍ਰਬੰਧ ਹੋਵੇ, ਪਰ ਇਸ ਵਿਚੋਂ ਬਾਹਰ ਨਿਕਲਣ ਵਾਲੀ ਹਵਾ ਸੰਬੰਧਤ ਸਥਾਨ ਦੇ ਤਮਾਕੂਨੋਸ਼ੀ ਦੀ ਮਨਾਹੀ ਵਾਲੇ ਕਿਸੇ ਹੋਰ ਹਿੱਸੇ ਵਿਚ ਨਹੀਂ ਜਾਂਦੀ (ਸਿਵਾਏ ਹੋਰ ਮਨੋਨੀਤ ਕਮਰਿਆਂ ਦੇ); ਅਤੇ
- (d) ਜਿਸ ਉੱਪਰ ਸਪੱਸ਼ਟ ਸੰਕੇਤ ਹੁੰਦਾ ਹੈ, ਕਿ ਉੱਥੇ ਤਮਾਕੂਨੋਸੀ ਕਰਨ ਦੀ ਆਗਿਆ ਹੈ।

'ਮਨੋਨੀਤ ਹੋਟਲ ਬੈੱਡਰੂਮ' ਤੋਂ ਭਾਵ ਉਹ ਕਮਰਾ ਹੈ –

- (a) ਜੋ ਯਾਤਰੀਆਂ ਦੇ ਸਿਰਫ਼ ਸੌਣ ਲਈ ਹੁੰਦਾ ਹੈ;
- (b) ਜਿਸਨੂੰ ਉਸ ਵਿਅਕਤੀ ਵਲੋਂ, ਜਿਸਦੇ ਹੱਥ ਵਿਚ ਹੋਟਲ ਦਾ ਪ੍ਰਬੰਧ ਜਾਂ ਕੰਟਰੋਲ ਹੁੰਦਾ ਹੈ, ਤਮਾਕੂਨੋਸੀ ਦੀ ਆਗਿਆ ਵਾਲੇ ਕਮਰੇ ਵਜੋਂ ਨਿਰਧਾਰਤ ਕੀਤਾ ਗਿਆ ਹੋਵੇ;
- (c) ਜਿਸ ਉੱਪਰ ਛੱਤ ਹੋਵੇ, ਅਤੇ ਫ਼ਰਸ਼ ਤੋਂ ਲੈ ਕੇ ਛੱਤ ਤਕ ਨਿਗਰ ਕੰਧਾਂ ਹੋਣ ਕਰਕੇ ਸਾਰੇ ਪਾਸਿਆਂ ਤੋਂ ਬੰਦ ਹੋਵੇ;
- (d) ਜਿਸ ਵਿਚ ਹਵਾ ਦੇ ਆਉਣ ਜਾਣ ਦਾ ਪ੍ਰਬੰਧ ਹੋਵੇ, ਪਰ ਇਸ 'ਚੋਂ ਬਾਹਰ ਨਿਕਲਣ ਵਾਲੀ ਹਵਾ ਹੋਟਲ ਦੇ ਹੋਰ ਕਿਸੇ ਹਿੱਸੇ ਵਿਚ ਨਹੀਂ ਜਾਂਦੀ (ਸਿਵਾਏ ਮਨੋਨੀਤ ਹੋਟਲ ਬੈੱਡਰੂਮਾਂ ਦੇ); ਅਤੇ
- (e) ਜਿਸ ਉੱਪਰ ਸਪੱਸ਼ਟ ਸੰਕੇਤ ਹੁੰਦਾ ਹੈ, ਕਿ ਇਸ ਬੈੱਡਰੂਮ ਵਿਚ ਤਮਾਕੂਨੋਸ਼ੀ ਦੀ ਇਜਾਜ਼ਤ ਹੈ।

# ਅੰਤਿਕਾ B

## 'ਤਮਾਕੂਨੋਸ਼ੀ ਦੀ ਮਨਾਹੀ ਵਾਲੇ ਸਥਾਨ' (ਜਿਨ੍ਹਾਂ ਦੀ ਸੂਚੀ ਨਿਯਮਾਂ ਦੇ ਸ਼ਿਡਿਯੂਲ 1 ਵਿਚ ਦਿੱਤੀ ਗਈ ਹੈ)

ਉਹ ਸਥਾਨ, ਜੋ 'ਤਮਾਕੂਨੋਸੀ ਦੇ ਮਨਾਹੀ ਵਾਲੇ ਸਥਾਨ' ਨਿਰਧਾਰਤ ਕੀਤੇ ਜਾਣ ਕਰਕੇ ਕਾਨੂੰਨ ਦੇ ਘੇਰੇ ਵਿਚ ਆਉਂਦੇ ਹਨ, ਉਹ ਹਨ :

1. ਰੈਸਟੋਰੈਂਟ।
2. ਬਾਰ (ਮੈਖ਼ਾਨੇ) ਅਤੇ ਜਨਤਕ ਗ੍ਰਹਿ।
3. ਦੁਕਾਨਾਂ ਅਤੇ ਸ਼ਾਪਿੰਗ ਸੈਂਟਰ।
4. ਹੋਟਲ।
5. ਲਾਇਬ੍ਰੇਰੀਆਂ, ਪੁਰਾਲੇਖ ਭਵਨ, ਅਜਾਇਬਘਰ ਅਤੇ ਗੈਲਰੀਆਂ।
6. ਸਿਨਮਾ ਘਰ, ਸੰਗੀਤ ਹਾੱਲ, ਥਿਏਟਰ, ਬਿੰਗੋ ਹਾੱਲ, ਗੇਮਾਂ ਅਤੇ ਮਨੋਰੰਜਨ ਦੇ ਆਰਕੇਡ, ਕੈਸੀਨੋ, ਨ੍ਰਿਤ-ਹਾੱਲ, ਡਿਸਕੋਥਿਕ ਅਤੇ ਹੋਰ ਉਹ ਸਥਾਨ ਜੋ ਆਮ ਲੋਕਾਂ ਦੇ ਮਨੋਰੰਜਨ ਲਈ ਵਰਤੇ ਜਾਂਦੇ ਹਨ।
7. ਸਥਾਨ ਜੋ ਬ੍ਰਾਡਕਾਸਟਿੰਗ ਸਟੂਡਿਉ, ਜਾਂ ਫ਼ਿਲਮ ਸਟੂਡਿਉ ਜਾਂ ਕਿਸੇ ਅਜਿਹੇ ਪ੍ਰੋਗਰਾਮ ਦੀ ਰਿਕਾਰਡਿੰਗ ਲਈ ਵਰਤੇ ਜਾਂਦੇ ਹਨ, ਜਿਸਨੂੰ ਕਿਸੇ ਪ੍ਰੋਗਰਾਮ ਸਰਵਿਸ ਵਿਚ ਵਰਤੇ ਜਾਣ ਦਾ ਇਰਾਦਾ ਹੋਵੇ, ਜਾਂ ਜਿਸਨੂੰ, ਆਮ ਲੋਕਾਂ ਲਈ ਪ੍ਰਦਰਸ਼ਤ ਕੀਤੇ ਜਾਣ ਵਾਲੀ ਕਿਸੇ ਫ਼ਿਲਮ ਵਿਚ ਸ਼ਾਮਲ ਕੀਤਾ ਜਾਣਾ ਹੋਵੇ।
8. ਹਾੱਲ ਜਾਂ ਕੋਈ ਹੋਰ ਅਜਿਹੇ ਸਥਾਨ, ਜੋ ਸਮਾਜਕ ਜਾਂ ਮਨੋਰੰਜਨ ਦੇ ਮਨੋਰਥਾਂ ਲਈ ਆਮ ਲੋਕਾਂ ਦੀਆਂ ਇਕੱਤਰਤਾਵਾਂ ਲਈ ਵਰਤੇ ਜਾਂਦੇ ਹਨ।
9. ਕਾਨਫ਼ਰੰਸ ਸੈਂਟਰ, ਜਨਤਕ ਹਾੱਲ ਅਤੇ ਨੁਮਾਇਸ਼ਾਂ ਲਈ ਵਰਤੇ ਜਾਂਦੇ ਹਾੱਲ।
10. ਜਨਤਕ ਟਾਇਲਟ।
11. ਕਲੱਬਾਂ ਦੇ ਸਥਾਨ।
12. ਦਫ਼ਤਰ, ਫ਼ੈਕਟਰੀਆਂ ਅਤੇ ਹੋਰ ਸਥਾਨ, ਜੋ ਗ਼ੈਰ-ਘਰੇਲੂ ਹੋਣ ਅਤੇ ਜਿਨ੍ਹਾਂ ਵਿੱਚ ਇਕ ਤੋਂ ਵਧ ਵਿਅਕਤੀ ਕੰਮ ਕਰਦੇ ਹੋਣ।
13. ਸਾਹਿਲ ਤੋਂ ਪਰ੍ਹਾਂ ਕਰਕੇ ਸਥਿਤ ਇਨਸਟਾਲੇਸ਼ਨਾਂ।
14. ਵਿਦਿਅਕ ਸੰਸਥਾਵਾਂ ਦੇ ਸਥਾਨ।
15. ਕੇਅਰ ਹੋਮ ਸੇਵਾਵਾਂ, ਸ਼ੈਲਟਰਡ ਘਰ ਜਾਂ ਸੁਰੱਖਿਅਤ ਰਿਹਾਇਸ਼ੀ ਸਥਾਨਾਂ ਦੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਸਥਾਨ, ਅਤੇ ਉਹ ਸਥਾਨ ਜੋ ਗ਼ੈਰ-ਘਰੇਲੂ ਹਨ ਅਤੇ ਜੋ ਦੋਸ਼ੀਆਂ ਦੇ ਰਹਿਣ ਲਈ ਥਾਵਾਂ ਮੁਹੱਈਆ ਕਰਦੇ ਹਨ।
16. ਹਸਪਤਾਲ, ਹਾਸਪਿਸ, ਮਨੋਚਿਕਿਤਸਕ ਰੋਗੀਆਂ ਲਈ ਹਸਪਤਾਲ, ਮਨੋਚਿਕਿਤਸਕ ਯੂਨਿਟ ਅਤੇ ਸਿਹਤ ਦੀ ਦੇਖਭਾਲ ਨਾਲ ਸੰਬੰਧਤ ਸਥਾਨ।
17. ਕ੍ਰੈੱਸ਼, ਦਿਨ ਵੇਲੇ ਲਈ ਨਰਸਰੀਆਂ, ਦਿਨ ਵੇਲੇ ਲਈ ਸੈਂਟਰ ਅਤੇ ਹੋਰ ਉਹ ਸਥਾਨ, ਜੋ ਬੱਚਿਆਂ ਅਤੇ ਬਾਲਗ਼ਾਂ ਦੀ ਦਿਨ ਵੇਲੇ ਦੇਖਭਾਲ ਲਈ ਵਰਤੇ ਜਾਂਦੇ ਹਨ।
18. ਸਥਾਨ, ਜੋ ਆਮ ਲੋਕਾਂ ਵਲੋਂ ਪੂਜਾ ਪਾਠ ਲਈ ਜਾਂ ਧਾਰਮਕ ਸਿੱਖਿਆ, ਜਾਂ ਕਿਸੇ ਧਾਰਮਕ ਸੰਸਥਾ ਦੀਆਂ ਸਮਾਜਕ ਸਰਗਰਮੀਆਂ ਜਾਂ ਮਨੋਰੰਜਨ ਦੇ ਪ੍ਰੋਗਰਾਮਾਂ ਲਈ ਵਰਤੇ ਜਾਂਦੇ ਹਨ।
19. ਖੇਡਾਂ ਦੇ ਸੈਂਟਰ।
20. ਹਵਾਈ ਜਹਾਜ਼ਾਂ ਦੇ ਮੁਸਾਫ਼ਰਾਂ ਲਈ ਟਰਮਿਨਲ ਅਤੇ ਹੋਰ ਪਬਲਿਕ ਟਰਾਂਸਪੋਰਟੇਸ਼ਨ ਸਹੂਲਤਾਂ।
21. ਜਨਤਕ ਟਰਾਂਸਪੋਰਟੇਸ਼ਨ ਦੇ ਵਾਹਣ।
22. ਉਹ ਵਾਹਣ, ਜਿਨ੍ਹਾਂ ਨੂੰ ਇਕ ਜਾਂ ਵਧ ਵਿਅਕਤੀ ਕੰਮ ਵਾਸਤੇ ਵਰਤਦੇ ਹਨ।
23. ਜਨਤਕ ਟੈਲੀਫ਼ੋਨ ਕਿਆਸਕ।

# ਅੰਤਿਕਾ C

## ਛੋਟਾਂ (ਜੋ ਨਿਯਮਾਂ ਦੇ ਸ਼ਿਡਿਊਲ 2 ਵਿਚ ਦਰਜ ਹਨ)

ਜਿਨ੍ਹਾਂ ਸਥਾਨਾਂ (ਜਾਂ ਸਥਾਨਾਂ ਦੇ ਹਿੱਸਿਆਂ) ਨੂੰ ਕਾਨੂੰਨ ਤੋਂ ਛੋਟ ਪ੍ਰਾਪਤ ਹੈ, ਉਹ ਹਨ :

1. ਰਿਹਾਇਸ਼ੀ ਸਥਾਨ।
2. ਬਾਲਗ ਦੇਖਭਾਲ ਬਾਰੇ ਗ੍ਰਿਹਿਆਂ ਵਿਚ ਮਨੋਨੀਤ ਕਮਰੇ।
3. ਬਾਲਗਾਂ ਲਈ ਹਾਸਪਿਸ।
4. ਮਨੋਚਿਕਿਤਸਕ ਰੋਗੀਆਂ ਲਈ ਹਸਪਤਾਲਾਂ ਜਾਂ ਮਨੋਚਿਕਿਤਸਕ ਯੂਨਿਟਾਂ ਵਿਚ ਮਨੋਨੀਤ ਕਮਰੇ।
5. ਮਨੋਨੀਤ ਹੋਟਲ ਬੈੱਡਰੂਮ।
6. ਨਜ਼ਰਬੰਦੀ ਜਾਂ ਇੰਟਰਵਿਊ ਲਈ ਵਰਤੇ ਜਾਂਦੇ ਕਮਰੇ, ਜੋ ਮਨੋਨੀਤ ਕਮਰੇ ਹਨ।
7. ਸਾਹਿਲ ਤੋਂ ਪਰ੍ਹਾਂ ਕਰਕੇ ਸਥਿਤ ਇਨਸਟਾਲੇਸ਼ਨਾਂ ਵਿਚ ਮਨੋਨੀਤ ਕਮਰੇ।
8. ਪ੍ਰਾਈਵੇਟ ਵਾਹਣ।

ਇਹ ਦਸਤਾਵੇਜ਼ ਵਿਕਲਪ ਰੂਪਾਂ ਅਤੇ ਕਮਿਊਨਿਟੀ ਭਾਸ਼ਾਵਾਂ ਵਿਚ,

ਨਿਮਨਲਿਖਤ ਪਤੇ 'ਤੇ ਬੇਨਤੀ ਕੀਤੇ ਜਾਣ 'ਤੇ ਮਿਲ ਸਕਦਾ ਹੈ।

Scottish Executive Health Department (ਸਕਾਟਿਸ਼ ਐਗਜ਼ੈਕਟਿਵ ਹੈਲਥ ਡਿਪਾਰਟਮੈਂਟ),

Tobacco Control Division (ਟੋਬੈਕੋ ਕੰਟਰੋਲ ਡਿਵਿਜ਼ਨ),

St Andrew's House,
Edinburgh EH1 3DG

ਫ਼ੋਨ : 0131 244 5660

ਫ਼ੈਕਸ : 0131 244 2606

ਵੈਬਸਾਈਟ : www.clearingtheairscotland.com

ਈ-ਮੇਲ : info@clearingtheairscotland.com

ਇਸ ਦਸਤਾਵੇਜ਼ ਨੂੰ ਮੂਲ ਦਾ ਸਹੀ ਰੂਪ ਮੰਨਿਆ ਜਾਂਦਾ ਹੈ।

(Punjabi)